ਸੌ ਹੱਥ ਰੱਸਾ ਸਿਰੇ ‘ਤੇ ਗੰਢ, ਪ੍ਰੀਮੀਅਰ ਅਜਿਹੀਆਂ ਮੰਗਾਂ ਕਰ ਰਹੇ ਹਨ ਜਿਹੜੀਆਂ ਫੈਡਰਲ ਸਰਕਾਰ ਲਈ ਮੰਨਣੀਆਂ ਵੀ ਔਖੀਆਂ ਹਨ ਅਤੇ ਨਾਂਹ ਕਰਨੀ ਹੋਰ ਵੀ ਔਖੀ। ਸੱਪ ਦੇ ਮੂੰਹ ਵਿੱਚ ਕੋਹੜ ਕਿਰਲੀ ਵਾਲੀ ਸਥਿਤੀ ਪੈਦਾ ਕਰਨ ਵੇਲੇ ਪ੍ਰੀਮੀਅਰ ਇਸ ਗੱਲੋਂ ਸੁਚੇਤ ਰਹੇ ਕਿ ਉਹਨਾਂ ਨੇ ਆਪਸੀ ਮਤਭੇਦ ਹੋਰ ਤਿੱਖੇ ਹੋਣ ਦੀ ਸੰਭਾਵਨਾ ਵਾਲੇ ਕਿਸੇ ਮੁੱਦੇ ਨੂੰ ਛੋਹਿਆ ਤੱਕ ਨਹੀਂ। ਮਿਸਾਲ ਵਜੋਂ ਫੈਡਰਲ ਕਾਰਬਨ ਟੈਕਸ ਜਿਸ ਬਾਰੇ ਅਲਬਰਟਾ, ਸਸਕੈਚਵਨ ਅਤੇ ਉਂਟੇਰੀਓ ਪ੍ਰੋਵਿੰਸ ਲਕੀਰ ਕੱਢ ਕੇ ਖੜੇ ਹਨ, ਗੈਸ ਪਾਈਪ ਲਾਈਨ (ਕਿਉਬਿੱਕ ਅਤੇ ਅਲਬਰਟਾ ਦਰਮਿਆਨ ਖਿੱਚੋਤਾਣ) ਬਾਰੇ ਉਹਨਾਂ ਨੇ ਜ਼ਿਕਰ ਤੱਕ ਨਹੀਂ ਕੀਤਾ।

ਜਿਸ ਵੇਲੇ ਪੱਛਮੀ ਪ੍ਰੋਵਿੰਸਾਂ ਵਿੱਚ ਵੱਖਵਾਦ ਦੀ ਭਾਵਨਾ ਸਿਰ ਚੁੱਕਣ ਦੀ ਕੋਸ਼ਿਸ਼ ਕਰ ਰਹੀ ਹੈ, ਪ੍ਰੀਮੀਅਰਾਂ ਵੱਲੋਂ ਵਿਖਾਈ ਗਈ ਏਕਤਾ ਦੀ ਭਾਵਨਾ ਇੱਕ ਅੱਛਾ ਚਿੰਨ ਹੈ ਪਰ ਇਹ ਸ਼ੁਭ ਸ਼ਗਨ ਪ੍ਰਧਾਨ ਮੰਤਰੀ ਟਰੂਡੋ ਲਈ ਪਰੇਸ਼ਾਨੀ ਵਾਲਾ ਸਾਬਤ ਹੋ ਸਕਦਾ ਹੈ। ਘੱਟ ਗਿਣਤੀ ਸਰਕਾਰ ਦਾ ਮੁਖੀ ਹੋਣ ਨਾਤੇ ਅਤੇ ਬੀਤੇ ਵਿੱਚ ਕਈ ਪ੍ਰੀਮੀਅਰਾਂ ਨਾਲ ਨਿੱਜੀ ਪੱਧਰ ਉੱਤੇ ਸਬੰਧ ਖਰਾਬ ਕਰ ਚੁੱਕੇ ਟਰੂਡੋ ਨੂੰ ਪ੍ਰੀਮੀਅਰਾਂ ਵੱਲ ਫੂਕ ਫੂਕ ਕੇ ਕਦਮ ਪੁੱਟਣੇ ਹੋਣਗੇ।

## ਨਾਟੋ ਦੇ ਭਵਿੱਖ ਬਾਰੇ ਹੋਣ ਜਾ ਰਹੀ ਸਿਖਰ ਵਾਰਤਾ ਵਿੱਚ ਹਿੱਸਾ ਲੈਣਗੇ ਟਰੂਡੋ

...ਪੰਨਾ 1 ਦਾ ਬਾਕੀ

ਇਨ੍ਹਾਂ ਸਾਰੇ ਮਿਸ਼ਨਜ਼ ਵਿੱਚ ਕੈਨੇਡਾ ਵੀ ਸ਼ਾਮਲ ਰਿਹਾ। ਇਸ ਤੋਂ ਇਲਾਵਾ ਇਰਾਕ ਵਿੱਚ ਨਾਟੋ ਦੇ ਟਰੇਨਿੰਗ ਮਿਸ਼ਨ ਵਿੱਚ ਵੀ ਕੈਨੇਡਾ ਨੇ ਅਹਿਮ ਭੂਮਿਕਾ ਨਿਭਾਈ ਤੇ ਰੋਮਾਨੀਆ ਦੀ ਹਵਾਈ ਸਪੇਸ ਵਿੱਚ ਗਸ਼ਤ ਕਰਨ ਲਈ ਆਪਣੇ ਲੜਾਕੂ ਜਹਾਜ਼ ਭੇਜੇ। ਇਸ ਦੇ ਨਾਲ ਹੀ ਮੈਡੀਟੇਰੇਨੀਅਨ ਤੇ ਕਾਲਾ ਸਾਗਰ ਵਿੱਚ ਗਸ਼ਤ ਕਰਨ ਲਈ ਵੀ ਜੰਗੀ ਬੇੜੇ ਘੱਲੇ। ਮੰਗਲਵਾਰ ਨੂੰ ਆਪਣੇ ਹਮਰੁਤਬਾ ਡੱਚ ਅਧਿਕਾਰੀ ਨਾਲ ਗੱਲਬਾਤ ਸ਼ੁਰੂ ਕਰਨ ਸਮੇਂ ਪ੍ਰਧਾਨ ਮੰਤਰੀ ਟਰੂਡੋ ਕੈਨੇਡਾ ਦੀਆਂ ਇਨ੍ਹਾਂ ਪ੍ਰਾਪਤੀਆਂ ਦਾ ਗੁਣਗਾਣ ਕਰਨ ਤੋਂ ਪਿੱਛੇ ਨਹੀਂ ਹਟਣਗੇ। ਇਸ ਤੋਂ ਬਾਅਦ ਬੁੱਧਵਾਰ ਨੂੰ ਨਾਟੋ ਦੇ ਭਵਿੱਖ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਸਾਰੇ ਨਾਟੋ ਮੈਂਬਰ ਮੁਲਕਾਂ ਦੇ ਲੀਡਰਾਂ ਦੀ ਬੰਦ ਦਰਵਾਜ਼ਾ ਮੀਟਿੰਗ ਹੋਵੇਗੀ। ਜ਼ਿਕਰਯੋਗ ਹੈ ਕਿ ਕੈਨੇਡਾ ਉੱਤੇ ਨਾਟੋ ਤੇ ਅਮਰੀਕਾ ਵੱਲੋਂ ਹੋਰ ਮਿਲਟਰੀ ਯੋਗਦਾਨ ਪਾਉਣ ਲਈ ਦਬਾਅ ਪਾਇਆ ਜਾ ਰਿਹਾ ਹੈ ਤੇ ਇਸੇ ਲਈ ਟਰੂਡੋ ਥੋੜ੍ਹਾ ਡਿਫੈਂਸਿਵ ਪਹੁੰਚ ਅਪਣਾ ਰਹੇ ਹਨ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ 2014 ਵਿੱਚ ਸਾਰੇ ਨਾਟੋ ਮੈਂਬਰ ਮੁਲਕ ਆਪਣੇ ਕੁੱਲ ਘਰੇਲੂ ਉਤਪਾਦ ਦਾ ਦੋ ਫੀ ਸਦੀ ਹਿੱਸਾ ਡਿਫੈਂਸ ਉੱਤੇ ਖਰਚਣ ਲਈ ਸਹਿਮਤ ਹੋਏ ਸਨ। ਇਹ ਟੀਚਾ ਇੱਕ ਦਹਾਕੇ ਵਿੱਚ ਪੂਰਾ ਕਰਨ ਲਈ ਮਿਥਿਆ ਗਿਆ ਸੀ। ਨਾਟੋ ਦੇ ਸਕੱਤਰ ਜਨਰਲ ਜੈਨਜ਼ ਸਟੋਲਨਬਰਗ ਨੇ ਇਸ ਨੂੰ ਭਾਰ ਵੰਡਾਉਣ ਵਜੋਂ ਪਰਿਭਾਸ਼ਤ ਕੀਤਾ ਹੈ। ਇਸ ਦੇ ਬਾਵਜੂਦ ਕੈਨੇਡਾ ਵੱਲੋਂ ਲਗਾਤਾਰ ਦੂਜੇ ਸਾਲ ਆਪਣੇ ਕੁੱਲ ਘਰੇਲੂ ਉਤਪਾਦ ਦਾ 1.31 ਫੀ ਸਦੀ ਡਿਫੈਂਸ ਉੱਤੇ ਖਰਚਿਆ ਜਾ ਰਿਹਾ ਹੈ। ਇਸ ਹਿਸਾਬ ਨਾਲ ਕੈਨੇਡਾ ਇਸ ਮਾਮਲੇ ਵਿੱਚ ਗੱਠਜੋੜ ਦੇ ਮੈਂਬਰ ਮੁਲਕਾਂ ਵਿੱਚ ਹੇਠਲੇ ਪਾਇਦਾਨ ਉੱਤੇ ਹੈ। ਉਹ 29 ਮੁਲਕਾਂ ਵਿੱਚੋਂ 20ਵੇਂ ਨੰਬਰ ਉੱਤੇ ਹੈ। ਕੈਨੇਡਾ ਨੂੰ ਡਿਫੈਂਸ ਉੱਤੇ ਖਰਚਾ ਵਧਾਉਣ ਲਈ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਵੀ ਦਬਾਅ ਪਾਇਆ ਜਾਂਦਾ ਰਿਹਾ ਹੈ। ਇਸ ਬਾਬਤ ਅਮਰੀਕਾ ਵੱਲੋਂ ਕੈਨੇਡਾ ਨੂੰ ਚਿੱਠੀਆਂ ਵੀ ਪਾਈਆਂ ਗਈਆਂ।

ਪਿਛਲੇ ਮਹੀਨੇ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੌਨ ਨੇ ਨਾਟੋ ਦੇ ਭਵਿੱਖ ਨੂੰ ਲੈ ਕੇ ਤਿੱਖੀ ਬਹਿਸ ਸ਼ੁਰੂ ਕੀਤੀ ਸੀ। ਇਸ ਵਿੱਚ ਉਨ੍ਹਾਂ ਆਖਿਆ ਸੀ ਕਿ ਆਪਸੀ ਸਹਿਯੋਗ ਤੇ ਤਾਲਮੇਲ ਦੀ ਘਾਟ ਕਾਰਨ ਨਾਟੋ ਗੱਠਜੋੜ ਦੀ ਹੌਲੀ ਹੌਲੀ ਮੌਤ ਹੋ ਰਹੀ ਹੈ। ਸੀਰੀਆ ਵਿੱਚੋਂ ਅਮਰੀਕਾ ਵੱਲੋਂ ਆਪਣੀਆਂ ਫੌਜਾਂ ਵਾਪਿਸ ਸੱਦ ਲਏ ਜਾਣ ਤੇ ਨਾਟੋ ਮੈਂਬਰਾਂ ਨਾਲ ਸਲਾਹ ਕੀਤੇ ਬਗੈਰ ਹੀ ਤੁਰਕੀ ਦੇ ਹਿੱਸੇ ਵਿੱਚ ਚੜ੍ਹਾਈ ਕਰਨ ਦੀਆਂ ਉਦਾਹਰਨਾਂ ਤੋਂ ਹੀ ਮੈਕਰੌਨ ਨੇ ਇਹ ਸੰਕੇਤ ਦਿੱਤਾ ਕਿ ਇਹ ਗੱਠਜੋੜ ਟੁੱਟ ਰਿਹਾ ਹੈ।

ਇਸ ਨਾਟੋ ਸਿਖਰ ਵਾਰਤਾ ਵਿੱਚ ਟਰੂਡੋ ਵੱਲੋਂ ਕੋਈ ਵਚਨਬੱਧਤਾ ਪ੍ਰਗਟਾਏ ਜਾਣ ਦੀ ਸੰਭਾਵਨਾ ਨਹੀਂ ਹੈ। ਬੁੱਧਵਾਰ ਰਾਤ ਨੂੰ ਉਹ ਕੈਨੇਡਾ ਪਰਤ ਆਉਣਗੇ ਕਿਉਂਕਿ ਵੀਰਵਾਰ ਤੋਂ ਪਾਰਲੀਆਮੈਂਟ ਦੀ ਕਾਰਵਾਈ ਸ਼ੁਰੂ ਹੋਣ ਜਾ ਰਹੀ ਹੈ।

## ਫਾਰਮਾਕੇਅਰ ਪਲੈਨ ਲਾਗੂ ਕਰਨ ਤੋਂ ਪਹਿਲਾਂ ਹੈਲਥ ਕੇਅਰ ਵਿੱਚ ਸੁਧਾਰ ਚਾਹੁੰਦੇ ਹਨ ਪ੍ਰੀਮੀਅਰਜ਼

...ਪੰਨਾ 1 ਦਾ ਬਾਕੀ

ਇਹ ਵੀ ਪਤਾ ਲੱਗਿਆ ਹੈ ਕਿ ਪ੍ਰੀਮੀਅਰਜ਼ ਨਵੇਂ ਸਾਲ ਦੇ ਸ਼ੁਰੂ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਇਹ ਮੁੱਦੇ ਵਿਚਾਰਨਾ ਚਾਹੁੰਦੇ ਹਨ। ਫੈਡਰਲ ਚੋਣਾਂ ਤੋਂ ਬਾਅਦ ਸਾਹਮਣੇ ਆਈਆਂ ਖੇਤਰੀ ਵੰਡੀਆਂ ਤੇ ਟਰੂਡੋ ਦੀ ਅਗਵਾਈ ਵਿੱਚ ਲਿਬਰਲਾਂ ਦੀ ਘੱਟਗਿਣਤੀ ਸਰਕਾਰ ਬਣਨ ਮਗਰੋਂ ਆਪਣੀ ਪਹਿਲੀ ਸਾਂਝੀ ਮੀਟਿੰਗ ਵਿੱਚ ਪ੍ਰੀਮੀਅਰਜ਼ ਪ੍ਰਧਾਨ ਮੰਤਰੀ ਨਾਲ ਇਹ ਮੁੱਦੇ ਸਾਂਝੇ ਕਰਨਗੇ। ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਦੇ ਬੁਲ-ਾਰੇ ਨੇ ਆਖਿਆ ਕਿ ਉਹ ਇਨ੍ਹਾਂ ਮੁੱਦਿਆਂ ਉੱਤੇ ਵਿਚਾਰ ਵਟਾਂਦਰਾ ਕਰਨ ਲਈ ਤਿਆਰ ਹਨ।

ਪ੍ਰੀਮੀਅਰ ਨੇ ਫੈਡਰਲ ਸਰਕਾਰ ਤੋਂ ਮਿਲਣ ਵਾਲੀ ਸਾਲਾਨਾ ਹੈਲਥ ਕੇਅਰ ਸਬੰਧੀ ਅਦਾਇਗੀਆਂ ਵਿੱਚ 5.2 ਫੀ ਸਦੀ ਦੇ ਵਾਧੇ ਦੀ ਮੰਗ ਕੀਤੀ। ਪਰ ਨਾਲ ਹੀ ਇਹ ਵੀ ਆਖਿਆ ਕਿ ਜੇ ਕੋਈ ਵੀ ਪ੍ਰੋਵਿੰਸ ਇਸ ਤਰ੍ਹਾਂ ਦੇ ਕਿਸੇ ਪ੍ਰੋਗਰਾਮ ਤੋਂ ਬਾਹਰ ਰਹਿਣ ਦੀ ਕੋਸ਼ਿਸ਼ ਕਰਦਾ ਹੈ ਤਾਂ ਵੀ ਉਸ ਨੂੰ ਫੈਡਰਲ ਸਰਕਾਰ ਪੂਰਾ ਵਿੱਤੀ ਮੁਆਵਜ਼ਾ ਦੇਵੇ। ਕਈ ਪ੍ਰੀਮੀਅਰਜ਼ ਨੇ ਇਹ ਆਖਿਆ ਕਿ ਹਾਲ ਦੀ ਘੜੀ ਕੌਮੀ ਫਾਰਮਾਕੇਅਰ ਪ੍ਰੋਗਰਾਮ ਚਲਾਉਣ ਲਈ ਸਹੀ ਸਮਾਂ ਨਹੀਂ ਹੈ। ਜ਼ਿਕਰਯੋਗ ਹੈ ਕਿ ਲਿਬਰਲ ਸਰਕਾਰ ਨੇ ਫੈਡਰਲ ਚੋਣਾਂ ਦੌਰਾਨ ਇਹ ਪ੍ਰੋਗਰਾਮ ਸ਼ੁਰੂ ਕਰਨ ਦਾ ਵਾਅਦਾ ਕੀਤਾ ਸੀ ਪਰ ਪ੍ਰੋਵਿੰਸਾਂ ਦਾ ਕਹਿਣਾ ਹੈ ਕਿ ਪਹਿਲਾਂ ਇਸ ਬਾਰੇ ਉਨ੍ਹਾਂ ਨਾਲ ਗੱਲਬਾਤ ਤਾਂ ਕੀਤੀ ਜਾਵੇ। ਉਨ੍ਹਾਂ ਦਾ ਕਹਿਣਾ ਹੈ ਕਿ ਪਹਿਲਾਂ ਫੰਡ ਹਸਪਤਾਲਾਂ ਵਿੱਚ ਵੱਧ ਰਹੀ ਭੀੜ ਤੇ ਉਡੀਕ ਸਮੇਂ ਵਿੱਚ ਹੋ ਰਹੇ ਵਾਧੇ ਨੂੰ ਘੱਟ ਕਰਨ ਲਈ ਮੁਹੱਈਆ ਕਰਵਾਏ ਜਾਣੇ ਚਾਹੀਦੇ ਹਨ।

ਮੈਨੀਟੋਬਾ ਦੇ ਪ੍ਰੀਮੀਅਰ ਬ੍ਰਾਇਨ ਪੈਲਿਸਤਰ ਦਾ ਕਹਿਣਾ ਹੈ ਕਿ ਜੇ ਤੁਸੀਂ ਹੈਲਥ ਕੇਅਰ ਸਮੁੱਚੇ ਤੌਰ ਉੱਤੇ ਨਹੀਂ ਬਣਾਈ ਰੱਖ ਸਕਦੇ ਤਾਂ ਬਾਕੀ ਸੇਵਾਵਾਂ ਦੀ ਪੇਸ਼ਕਸ਼ ਅਸੀਂ ਕਿਸ ਤਰ੍ਹਾਂ ਕਰ ਸਕਦੇ ਹਾਂ। ਜਦੋਂ ਪਹਿਲੇ ਪ੍ਰੋਗਰਾਮ ਹੀ ਸਹੀ ਢੰਗ ਨਾਲ ਨਹੀਂ ਚੱਲ ਰਹੇ ਤਾਂ ਨਵੇਂ ਪ੍ਰੋਗਰਾਮਾਂ ਦੀ ਸ਼ੁਰੂਆਤ ਕਰਨ ਦੀ ਕੋਈ ਲੋੜ ਨਹੀਂ ਹੈ। ਬ੍ਰਿਟਿਸ਼ ਕੋਲੰਬੀਆ ਦੇ ਪ੍ਰੀਮੀਅਰ ਜੌਹਨ ਹੌਰਗਨ ਨੇ ਆਖਿਆ ਕਿ ਬਹੁਤ ਸਾਰੇ ਪ੍ਰੋਵਿੰਸਾਂ ਕੋਲ ਪਹਿਲਾਂ ਹੀ ਬਿਹਤਰੀਨ ਫਾਰਮਾਕੇਅਰ ਯੋਜਨਾਵਾਂ ਹਨ। ਇਸ ਲਈ ਸਾਡੀ ਤਰਜੀਹ ਹੈਲਥ ਕੇਅਰ ਮੁਹੱਈਆ ਕਰਵਾਉਣ ਲਈ ਸਰੋਤਾਂ ਦੀ ਹੋਰ ਚੰਗੇ ਢੰਗ ਨਾਲ ਵੰਡ ਹੋਣੀ ਚਾਹੀਦੀ ਹੈ।

ਨਿਊਫਾਊਂਡਲੈਂਡ ਐਂਡ ਲੈਬਰਾਡੌਰ ਦੇ ਪ੍ਰੀਮੀਅਰ ਡਵਾਈਟ ਬਾਲ, ਜੋ ਕਿ ਨੈਸ਼ਨਲ ਫਾਰਮਾਕੇਅਰ ਦੇ ਹੱਕ ਵਿੱਚ ਹਨ, ਨੇ ਆਖਿਆ ਕਿ ਅਜਿਹੇ ਪ੍ਰੋਵਿੰਸ ਜਿੱਥੇ ਉਮਰਦਰਾਜ ਹੋ ਰਹੇ ਲੋਕਾਂ ਦੀ ਗਿਣਤੀ ਜ਼ਿਆਦਾ ਹੈ, ਜਿਵੇਂ ਕਿ ਉਨ੍ਹਾਂ ਦਾ ਖੁਦ ਦਾ ਪ੍ਰੋਵਿੰਸ, ਬਿਮਾਰੀਆਂ ਹੋਰ ਗੁੰਝਲਦਾਰ ਹੋ ਰਹੀਆਂ ਹਨ ਤੇ ਦਵਾਈਆਂ ਹੋਰ ਜ਼ਿਆਦਾ ਮਹਿੰਗੀਆਂ ਹੋਈ ਜਾ ਰਹੀਆਂ ਹਨ। ਉਨ੍ਹਾਂ ਆਖਿਆ ਕਿ ਜੋ ਵੀ ਵਾਅਦਾ ਕੀਤਾ ਜਾਵੇ ਉਹ ਲੰਮੇਂ ਸਮੇਂ ਵਾਸਤੇ ਹੋਣਾ ਚਾਹੀਦਾ ਹੈ। ਇਹ ਫੈਡਰਲ ਸਰਕਾਰ ਦੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ।

ਪ੍ਰੀਮੀਅਰਜ ਇਸ ਗੱਲ ਉੱਤੇ ਵੀ ਸਹਿਮਤ ਹੋਏ ਕਿ ਆਰਥਿਕ ਗਿਰਾਵਟ ਸਮੇਂ ਵਿੱਤੀ ਸਥਿਰਤਾ ਪ੍ਰੋਗਰਾਮ ਵਧੇਰੇ ਕ੍ਰਿਆਸ਼ੀਲ ਹੋਣਾ ਚਾਹੀਦਾ ਹੈ। ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ ਨੇ ਮੰਗ ਕੀਤੀ ਕਿ ਇਸ ਪ੍ਰੋਗਰਾਮ ਲਈ ਕਿਸੇ ਵੀ ਤਰ੍ਹਾਂ ਦੀ ਲਾਈ ਗਈ ਰੋਕ ਹਟਾਈ ਜਾਣੀ ਚਾਹੀਦੀ ਹੈ ਕਿਉਂਕਿ ਉਨ੍ਹਾਂ ਦੇ ਪ੍ਰੋਵਿੰਸ ਨੂੰ ਹਾਸਲ ਹੋਣ ਵਾਲੇ ਪੈਸੇ ਨਾਲ ਤਾਂ ਉਨ੍ਹਾਂ ਦੀ ਪ੍ਰੋਵਿੰਸ ਦਾ ਬੁੱਤਾ ਵੀ ਨਹੀਂ ਸਰਦਾ। ਉਨ੍ਹਾਂ ਆਪਣੇ ਸਾਥੀ ਪ੍ਰੀਮੀਅਰਜ਼ ਨੂੰ ਵਿੱਤੀ ਸਥਿਰਤਾ ਪ੍ਰੋਗਰਾਮ ਵਿੱਚ ਸੋਧ ਨੂੰ ਪਹਿਲ ਦੇਣ ਦੇ ਫੈਸਲੇ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਦੌਰਾਨ ਸਸਕੈਚਵਨ ਦੇ ਪ੍ਰੀਮੀਅਰ ਸਕੌਟ ਮੋਅ ਨੇ ਵੀ ਆਪਣੇ ਸਾਥੀ ਪ੍ਰੀਮੀਅਰਜ਼ ਵੱਲੋਂ ਖੇਤਰੀ ਆਰਥਿਕ ਫਰਕ, ਜੋ ਕਿ ਖਾਸਤੌਰ ਉੱਤੇ ਉਨ੍ਹਾਂ ਦੇ ਪ੍ਰੋਵਿੰਸ, ਅਲਬਰਟਾ ਤੇ ਨਿਊਫਾਊਂਡਲੈਂਡ ਐਂਡ ਲੈਬਰਾਡੌਰ ਵਿੱਚ ਵੇਖਣ ਨੂੰ ਵਧੇਰੇ ਮਿਲਦੀ ਹੈ, ਨੂੰ ਖਤਮ ਕਰਨ ਉੱਤੇ ਸਹਿਮਤੀ ਜਤਾਉਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰੀਮੀਅਰਜ਼ ਨੇ ਵੰਡੀਆਂ ਪਾਉਣ ਵਾਲੇ ਹੋਰ ਮੁੱਦੇ ਜਿਵੇਂ ਕਿ ਕਾਰਬਨ ਪ੍ਰਾਈਸਿੰਗ ਤੇ ਕਿਊਬਿਕ ਦੇ ਵਿਵਾਦਗ੍ਰਸਤ ਬਿੱਲ 21 ਉੱਤੇ ਗੱਲ ਕਰਨ ਤੋਂ ਵੀ ਗੁਰੇਜ਼ ਹੀ ਕੀਤਾ।

## ਕਿੰਗਸਟਨ ’ਚ 30 ਗੱਡੀਆਂ ਆਪਸ ’ਚ ਟਕਰਾਈਆਂ, ਇੱਕ ਹਲਾਕ, ਕਈ ਹੋਰ ਜ਼ਖ਼ਮੀ

...ਪੰਨਾ 1 ਦਾ ਬਾਕੀ

ਫੌਂਟੋਨੈਕ ਕਾਊਂਟੀ ਪੈਰਾਮੈਡਿਕਸ ਦਾ ਕਹਿਣਾ ਹੈ ਕਿ ਹਾਦਸੇ ਤੋਂ ਤੁਰੰਤ ਬਾਅਦ ਹੀ ਵੱਡੀ ਗਿਣਤੀ ਵਿੱਚ ਰੈਸਕਿਊ ਕ੍ਰੀਊ ਮੌਕੇ ਉੱਤੇ ਪਹੁੰਚਿਆ। ਮੌਕੇ ਉੱਤੇ ਹੀ 16 ਵਿਅਕਤੀਆਂ ਦਾ ਇਲਾਜ ਕੀਤਾ ਗਿਆ ਤੇ ਫਿਰ ਉਨ੍ਹਾਂ ਨੂੰ ਹਸਪਤਾਲ ਪਹੁੰਚਾਇਆ ਗਿਆ। ਇਨ੍ਹਾਂ ਵਿੱਚੋਂ ਤਿੰਨ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ। ਇੱਕ ਵਿਅਕਤੀ ਨੂੰ ਮੌਕੇ ਉੱਤੇ ਹੀ ਇਲਾਜ ਤੋਂ ਬਾਅਦ ਘਰ ਭੇਜ ਦਿੱਤਾ ਗਿਆ।

ਸੜਕ ਉੱਤੇ ਫਸੇ ਹੋਏ ਹੋਰਨਾਂ ਲੋਕਾਂ ਨੂੰ ਕਿੰਗਸਟਨ ਦੇ ਹੀ ਇੱਕ ਵਾਰਮਿੰਗ ਸੈਂਟਰ ਵਿੱਚ ਭੇਜਿਆ ਗਿਆ। ਹਾਈਵੇਅ 401 ਜੌਇਸਵਿੱਲੇ ਐਗਜ਼ਿਟ 632 ਤੋਂ ਹਾਈਵੇਅ 15 ਤੱਕ ਹਾਦਸੇ ਦੀ ਜਾਂਚ ਲਈ ਬੰਦ ਕੀਤਾ ਗਿਆ ਹੈ। ਰਾਤ ਭਰ 15 ਸੈਂਟੀਮੀਟਰ ਬਰਫਬਾਰੀ ਹੋਣ ਦੀ ਸੰਭਾਵਨਾ ਦੇ ਚੱਲਦਿਆਂ ਵਿੰਟਰ ਵੈਦਰ ਐਡਵਾਈਜ਼ਰੀ ਕਿੰਗਸਟਨ ਵਿੱਚ ਅਜੇ ਵੀ ਜਾਰੀ ਹੈ।

## ਬੀਮਾਰ ਹੋਏ ਤਾਂ ਵਿਦਿਆਰਥੀ ਰੋਬੋਟ ਨੂੰ ਕਲਾਸ ਵਿੱਚ ਭੇਜ ਕੇ ਘਰ ਬੈਠੇ ਪੜ੍ਹ ਸਕਣਗੇ

ਟੋਕੀਓ, 2 ਦਸੰਬਰ (ਪੋਸਟ ਬਿਊਰੋ)- ਜਾਪਾਨ ਦੇ ਵਿਗਿਆਨੀਆਂ ਨੇ ਅਜਿਹਾ ਰੋਬੋਟ ਬਣਾਇਆ ਹੈ, ਜਿਸ ਦੀ ਮਦਦ ਨਾਲ ਵਿਦਿਆਰਥੀ ਬਿਮਾਰ ਹੋਣ 'ਤੇ ਘਰੇ ਬੈਠੇ ਉਸ ਦੀ ਮਦਦ ਨਾਲ ਪੜ੍ਹਾਈ ਕਰ ਸਕਣਗੇ। ਵਿਦਿਆਰਥੀ ਦੀ ਜਗ੍ਹਾ ਰੋਬੋਟ ਨੂੰ ਕਲਾਸ ਵਿੱਚ ਭੇਜਿਆ ਜਾ ਸਕੇਗਾ। ਵਿਦਿਆਰਥੀ ਹਸਪਤਾਲ ਜਾਂ ਘਰ ਤੋਂ ਟੈਬਲੇਟ ਦੀ ਮਦਦ ਨਾਲ ਉਸ ਨੂੰ ਕੰਟਰੋਲ ਕਰ ਸਕਣਗੇ। ਰੋਬੋਟ ਕੈਮਰੇ ਰਾਹੀਂ ਕਲਾਸ ਵਿੱਚ ਦੱਸੀਆਂ ਗਈਆਂ ਗੱਲਾਂ ਵਿਦਿਆਰਥੀ ਨਾਲ ਲਾਈਵ ਸਾਂਝੀਆਂ ਕਰੇਗਾ। ਨੋਟਸ ਵੀ ਬਣਾ ਦੇਵੇਗਾ। ਫਿਲਹਾਲ ਇਸ ਨੂੰ ਪਾਇਲਟ ਪ੍ਰੋਜੈਕਟ ਵਜੋਂ ਸ਼ੁਰੂ ਕੀਤਾ ਗਿਆ ਹੈ।



ਟੋਕੀਓ ਦੇ ਤੋਮੋਬੇ ਹਿਗਾਸ਼ੀ ਸਪੈਸ਼ਲ ਸਪੋਰਟ ਸਕੂਲ ਵਿੱਚ ਇਸ ਦਾ ਪ੍ਰੀਖਣ ਕੀਤਾ ਗਿਆ। ਰੋਬੋਟ ਦਾ ਨਾਂਅ ਔਰੀ ਹੈ। ਵਿਦਿਆਰਥੀ ਦੀ ਗੈਰ ਮੌਜੂਦਗੀ ਵਿੱਚ ਔਰੀ ਨੂੰ ਡੈਸਕ 'ਤੇ ਰੱਖਿਆ ਜਾਏਗਾ। ਇਸ ਦੇ ਦੋ ਹੱਥ ਹਨ। ਮੱਥੇ 'ਤੇ ਕੈਮਰਾ ਲੱਗਾ ਹੈ, ਜੋ ਕਲਾਸ ਦੀ ਐਕਟੀਵਿਟੀ ਨੂੰ ਲਾਈਵ ਸਟੂਡੈਂਟ ਤੱਕ ਪਹੁੰਚਾਉਂਦਾ ਹੈ। ਇਸ ਨੂੰ ਟੈਬਲੇਟ ਦੀ ਮਦਦ ਨਾਲ ਕੰਟਰੋਲ ਕੀਤਾ ਜਾਂਦਾ ਹੈ। ਇਸ ਵਿੱਚ ਸਪੀਕਰ ਲਾਏ ਗਏ ਹਨ, ਜਿਸ ਦੀ ਮਦਦ ਨਾਲ ਵਿਦਿਆਰਥੀ ਘਰੋਂ ਜੋ ਬੋਲੇਗਾ, ਉਸ ਨੂੰ ਕਲਾਸ ਵਿੱਚ ਰੋਬੋਟ ਆਡੀਓ ਦੇ ਰੂਪ ਵਿੱਚ ਜਾਰੀ ਕਰੇਗਾ। ਘਰ ਬੈਠੇ-ਬੈਠੇ ਰੋਬੋਟ ਨੂੰ ਵੱਖ-ਵੱਖ ਦਿਸ਼ਾਵਾਂ ਵਿੱਚ ਮੋੜਿਆ ਜਾ ਸਕਦਾ ਹੈ। 11 ਸਾਲ ਦੇ ਵਿਦਿਆਰਥੀ ਅਸਾਹੀ ਦੇ ਮੁਤਾਬਕ ਇਸ ਨੂੰ ਵਰਤਣ ਅਤੇ ਵੱਖ-ਵੱਖ ਦਿਸ਼ਾਵਾਂ ਨੂੰ ਘੁਮਾਉਣਾ ਕਾਫੀ ਮਜ਼ੇਦਾਰ ਹੈ। ਅਸਾਹੀ ਨੇ ਇਸ ਦਾ ਇਸਤੇਮਾਲ ਤਦ ਕੀਤਾ ਸੀ, ਜਦ ਉਹ ਹਸਪਤਾਲ ਵਿੱਚ ਸੀ। ਸਕੂਲ ਦੀ ਪ੍ਰਿੰਸੀਪਲ ਨੋਬੋਰੂ ਤਾਚੀ ਦੇ ਮੁਤਾਬਕ ਬੱਚੇ ਬੇਹੱਦ ਆਸਾਨੀ ਨਾਲ ਔਰੀ ਨੂੰ ਕੰਟਰੋਲ ਕਰ ਸਕਦੇ ਹਨ। ਇਹ ਉਨ੍ਹਾਂ ਲਈ ਕਲਾਸ ਅਟੈਂਡ ਕਰਨ ਵਾਂਗ ਹੈ। ਅਸੀਂ ਇਸ ਨੂੰ ਪੂਰੀ ਤਰ੍ਹਾਂ ਲਾਗੂ ਕਰਨ 'ਤੇ ਫੋਕਸ ਕਰ ਰਹੇ ਹਾਂ।

## ਆਵਾਰਾ ਪਸ਼ੂ ਕਾਰਨ ਟਰਾਲੇ ਤੇ ਫੌਜੀ ਐਂਬੂਲੈਂਸ ਦੀ ਟੱਕਰ, ਤਿੰਨ ਜਵਾਨਾਂ ਦੀ ਮੌਤ

ਅਬੋਹਰ, 2 ਦਸੰਬਰ (ਪੋਸਟ ਬਿਊਰੋ)- ਕੱਲ੍ਹ ਰਾਤ ਅਬੋਹਰ ਮਲੋਟ ਰੋਡ 'ਤੇ ਇੱਕ ਟਰਾਲਾ ਚਾਲਕ ਨੇ ਆਵਾਰਾ ਸਾਨ੍ਹ ਨੂੰ ਬਚਾਉਣ ਦੇ ਚੱਕਰ ਵਿੱਚ ਅਬੋਹਰ ਤੋਂ ਮਲੋਟ ਨੂੰ ਜਾਂਦੀ ਫੌਜ ਦੀ ਐਂਬੂਲੈਂਸ ਵਿੱਚ ਟੱਕਰ ਮਾਰ ਦਿੱਤੀ, ਜਿਸ ਨਾਲ ਆਰਮੀ ਐਂਬੂਲੈਂਸ ਵਿੱਚ ਸਵਾਰ ਤਿੰਨੇ ਜਵਾਨਾਂ ਦੀ ਦਰਦਨਾਕ ਮੌਤ ਹੋ ਗਈ ਅਤੇ ਦੋ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਪਤਾ ਲੱਗਾ ਹੈ ਕਿ ਰਾਤ ਕਰੀਬ ਪੌਣੇ 10 ਵਜੇ ਅਬੋਹਰ ਦੀ ਫੌਜੀ ਐਂਬੂਲੈਂਸ ਅਬੋਹਰ ਤੋਂ ਮਲੋਟ ਜਾ ਰਹੀ ਸੀ ਕਿ ਅਬੋਹਰ ਮਲੋਟ ਰੋਡ ਉੱਤੇ ਐੱਚ ਪੀ ਪੰਪ ਤੋਂ ਥੋੜ੍ਹਾ ਅੱਗੇ ਜਾ ਕੇ ਸਾਹਮਣੇ ਤੋਂ ਆਏ ਘੋੜਾ ਟਰਾਲਾ ਚਾਲਕ ਨੇ ਸੜਕ 'ਤੇ ਆਏ ਪਸ਼ੂ ਨੂੰ ਬਚਾਉਣ ਦੇ ਚੱਕਰ ਵਿੱਚ ਉਨ੍ਹਾਂ ਦੀ ਐਂਬੂਲੈਂਸ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ। ਜਿਸ ਨਾਲ ਐਂਬੂਲੈਂਸ ਵਿਚ ਸਵਾਰ ਲੋਕ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਆਸਪਾਸ ਦੇ ਲੋਕਾਂ ਨੇ ਉਨ੍ਹਾਂ ਨੂੰ ਮਲੋਟ ਦੇ ਸਰਕਾਰੀ ਹਸਪਤਾਲ ਪਹੁੰਚਾਇਆ ਤਾਂ ਡਾਕਟਰਾਂ ਨੇ ਤਿੰਨ ਜਣਿਆਂ ਨੂੰ ਮ੍ਰਿਤਕ ਐਲਾਨ ਦਿੱਤਾ। ਇਸ ਦੇ ਬਾਅਦ ਟਰਾਲਾ ਚਾਲਕ ਟਰਾਲਾ ਛੱਡ ਕੇ ਫਰਾਰ ਹੋ ਗਿਆ। ਸਦਰ ਥਾਣਾ ਕਬਰ ਵਾਲਾ ਦੀ ਪੁਲਸ ਨੇ ਅਣਪਛਾਤੇ ਟਰਾਲਾ ਚਾਲਕ ਵਿਰੁੱਧ ਕੇਸ ਦਰਜ ਕਰ ਲਿਆ ਹੈ।


ਪੰਜਾਬੀ ਪੋਸਟ

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.






















# ਦੁਨੀਆਂ ਵਿੱਚ ਭੁੱਖਮਰੀ ਖਤਮ ਕਰਨ ਲਈ ਫੂਡ ਬੈਂਕ ਬਣਨ

-ਅਵਿਨਾਸ਼ ਰਾਏ ਖੰਨਾ-




ਆਏ ਦਿਨ ਅਖਬਾਰਾਂ ਦੇ ਰਾਹੀਂ ਭੁੱਖਮਰੀ ਨਾਲ ਮਰਦੇ ਲੋਕਾਂ ਬਾਰੇ ਜਾਣ ਕੇ ਦਿਲ ਨੂੰ ਡੂੰਘਾ ਸਦਮਾ ਪਹੁੰਚਦਾ ਹੈ। ਮਨੁੱਖੀ ਭਾਵਨਾਵਾਂ ਦੇ ਵੱਸ ਪਿਆ ਮਨ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਹੁੰਦਾ ਕਿ ਦੁਨੀਆ ਦੇ ਸਾਰੇ ਦੇਸ਼ਾਂ ਵਿੱਚ ਹੋਣ ਵਾਲਾ ਆਰਥਿਕ ਤੇ ਭੌਤਿਕ ਵਿਕਾਸ ਆਖਰ ਕਿਸ ਕੰਮ ਦਾ, ਜੋ ਆਪਣੇ ਕੁਝ ਅਜਿਹੇ ਨਾਗਰਿਕਾਂ ਨੂੰ ਨਹੀਂ ਬਚਾ ਸਕਦਾ, ਜਿਹੜੇ ਘੋਰ ਗਰੀਬੀ ਵਿੱਚ ਫਸੇ ਹੁੰਦੇ ਹਨ ਤੇ ਆਖਰ ਉਨ੍ਹਾਂ ਦੀ ਮੌਤ ਭੁੱਖਮਰੀ ਨਾਲ ਹੋ ਜਾਂਦੀ ਹੈ।

ਦੁਨੀਆ ਵਿੱਚ ਜੇ ਕੋਈ ਇੱਕ ਆਦਮੀ ਜਾਂ ਪਰਵਾਰ ਵੀ ਭੁੱਖਮਰੀ ਦਾ ਸ਼ਿਕਾਰ ਹੁੰਦਾ ਹੈ ਤਾਂ ਇਸ ਦਾ ਸਿੱਧਾ ਮਤਲਬ ਇਹ ਸਮਝਿਆ ਜਾਂਦਾ ਹੈ ਕਿ ਉਸ ਵਿਅਕਤੀ ਜਾਂ ਪਰਵਾਰ ਦੇ ਆਸਪਾਸ ਰਹਿੰਦੇ ਲੋਕ ਕਿੰਨੇ ਅਣਮਨੁੱਖੀ ਹਨ, ਜੋ ਕੁਝ ਪਰਵਾਰਾਂ ਤੋਂ ਥੋੜ੍ਹੀ-ਥੋੜ੍ਹੀ ਮਦਦ ਇਕੱਠੀ ਕਰ ਕੇ ਇੱਕ ਪਰਵਾਰ ਨੂੰ ਰੋਟੀ ਨਹੀਂ ਖੁਆ ਸਕਦੇ। ਜਿਸ ਦੇਸ਼ ਵਿੱਚ ਭੁੱਖਮਰੀ ਦੀਆਂ ਘਟਨਾਵਾਂ ਹੁੰਦੀਆਂ ਹਨ, ਉਹ ਦੇਸ਼ ਆਪਣੇ ਵਿਕਾਸ ਦਾ ਦਾਅਵਾ ਕਰਦਾ ਕਿੰਨਾ ਦਿਖਾਵਟੀ ਲੱਗਦਾ ਹੈ। ਉਹ ਅਰਬਾਂ-ਖਰਬਾਂ ਰੁਪਏ ਦਾ ਵਿਕਾਸ ਕਰ ਸਕਦਾ ਹੈ, ਪਰ ਇਨਸਾਨੀ ਜ਼ਿੰਮੇਵਾਰੀ ਨਿਭਾ ਕੇ ਆਪਣੇ ਇੱਕ ਨਾਗਰਿਕ ਜਾਂ ਉਸ ਦੇ ਪਰਵਾਰ ਨੂੰ ਜਿਊਣ ਜੋਗਾ ਘੱਟੋ-ਘੱਟ ਪੌਸ਼ਟਿਕ ਭੋਜਨ ਹਾਸਲ ਨਹੀਂ ਕਰਵਾ ਸਕਦਾ।

ਯੂ ਐੱਨ ਓ ਨੇ ਸੰਨ 2030 ਨੂੰ ਸਿਫਰ ਭੁੱਖਮਰੀ ਦਾ ਟੀਚਾ ਮਿਥਿਆ ਹੈ। ਭੁੱਖਮਰੀ ਦੀ ਸਮੱਸਿਆ ਅਸਲ ਵਿੱਚ ਗਰੀਬੀ ਦੀ ਸਮੱਸਿਆ ਦਾ ਆਖਰੀ ਨਤੀਜਾ ਹੈ। ਯੂ ਐੱਨ ਵੱਲੋਂ ਦੁਨੀਆ ਦੇ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਆਪਣੇ ਵੱਖ-ਵੱਖ ਮਹਿਕਮਿਆਂ, ਗੈਰ ਸਰਕਾਰੀ ਅਦਾਰਿਆਂ ਤੇ ਕਾਰੋਬਾਰੀ ਕੰਪਨੀਆਂ ਦੇ ਨਾਲ-ਨਾਲ ਕਈ ਸਮਾਜਕ ਸੇਵਕਾਂ ਨੂੰ ਜੋੜ ਕੇ ਭੋਜਨ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਲਗਾਤਾਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਮੁਹਿੰਮ ਵਿੱਚ ਯੂ ਐਨ ਓ ਦੇ ਇਸ ਮਹਿਕਮੇ ਨੇ ਲਗਭਗ 1000 ਤੋਂ ਵੱਧ ਗੈਰ ਸਰਕਾਰੀ ਸੰਗਠਨਾਂ ਨੂੰ ਜੋੜਿਆ ਹੋਇਆ ਹੈ।

ਹੁਣੇ-ਹੁਣੇ ਯੂ ਐੱਨ ਓ ਦੇ ਭੋਜਨ ਪ੍ਰੋਗਰਾਮ ਵਾਲੇ ਅੰਗ ਨੇ ਇੱਕ ਕੌਮਾਂਤਰੀ ਸੰਮੇਲਨ ਵਿੱਚ ਕਈ ਗੰਭੀਰ ਮਤੇ ਪਾਸ ਕੀਤੇ ਤੇ ਕਈ ਐਲਾਨ ਵੀ ਕੀਤੇ ਗਏ। ਇਹ ਵਿਭਾਗ ਭੁੱਖਮਰੀ ਨੂੰ ਖਤਮ ਕਰਨ ਦੀ ਦਿਸ਼ਾ ਵਿੱਚ ਲਗਾਤਾਰ ਅੱਗੇ ਵਧ ਰਿਹਾ ਹੈ। ਸੰਨ 2015 ਵਿੱਚ ਇਸ ਵਿਭਾਗ ਨੇ 81 ਦੇਸ਼ਾਂ ਦੇ ਲਗਭਗ ਸੱਤ ਕਰੋੜ ਤੋਂ ਜ਼ਿਆਦਾ ਲੋਕਾਂ ਨੂੰ ਭੋਜਨ ਹਾਸਲ ਕਰਾਉਣ ਦਾ ਮਹਾਨ ਕੰਮ ਕੀਤਾ ਹੈ। ਇਸ ਵਿੱਚ ਸਕੂਲੀ ਬੱਚਿਆਂ ਨੂੰ ਰੋਜ਼ ਹਾਸਲ ਕਰਵਾਏ ਜਾਣ ਵਾਲੇ ਭੋਜਨ ਦਾ ਪ੍ਰੋਗਰਾਮ ਵੀ ਸ਼ਾਮਲ ਹੈ। ਇਹ ਵਿਭਾਗ ਦੁਨੀਆ ਦੇ ਦੇਸ਼ਾਂ ਵਿੱਚ ਉਨ੍ਹਾਂ ਖੇਤਰਾਂ ਨੂੰ ਆਪਣੀ ਮੁਹਿੰਮ ਵਿੱਚ ਸ਼ਾਮਲ ਕਰਦਾ ਹੈ, ਜਿੱਥੇ ਬੱਚਿਆਂ ਨੂੰ ਪੂਰੀ ਤਰ੍ਹਾਂ ਪੌਸ਼ਟਿਕ ਭੋਜਨ ਨਹੀਂ ਮਿਲਦਾ। ਇਹ ਸੰਗਠਨ ਮੁੱਖ ਤੌਰ 'ਤੇ ਪੂਰੀ ਦੁਨੀਆ ਤੋਂ ਦਾਨ ਦੀਆਂ ਰਕਮਾਂ ਦੇ ਆਧਾਰ 'ਤੇ ਚਲਦਾ ਹੈ। ਇਸ ਵਿੱਚ ਲਗਭਗ 14 ਹਜ਼ਾਰ ਤੋਂ ਜ਼ਿਆਦਾ ਵਰਕਰ ਲੱਗੇ ਹੋਏ ਹਨ। ਯੂ ਐੱਨ ਓ ਦੇ ਇਸ ਵਿਭਾਗ ਕੋਲ 20 ਸਮੁੰਦਰੀ ਜਹਾਜ਼, ਸੱਤ ਹਵਾਈ ਜਹਾਜ਼ ਅਤੇ ਪੰਜ ਹਜ਼ਾਰ ਟਰੱਕ ਹਨ। ਇਸ ਵਿਭਾਗ ਦਾ ਅਨੁਮਾਨ ਹੈ ਕਿ ਭੁੱਖਮਰੀ ਦੀ ਸਮੱਸਿਆ ਮੁੱਖ ਤੌਰ 'ਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਪਾਈ ਜਾਂਦੀ ਹੈ, ਜਿੱਥੇ ਲਗਭਗ 12 ਤੋਂ 13 ਫੀਸਦੀ ਲੋਕ ਨਿਰਧਾਰਤ ਪੌਸ਼ਟਿਕ ਪੱਧਰ ਨਾਲੋਂ ਘੱਟ ਭੋਜਨ ਪ੍ਰਾਪਤ ਕਰਦੇ ਹਨ। ਇਸ ਤੋਂ ਇਲਾਵਾ ਇਹ ਸਮੱਸਿਆ ਉਨ੍ਹਾਂ ਖੇਤਰਾਂ ਵਿੱਚ ਵੱਧ ਹੈ, ਜਿੱਥੇ ਕੁਦਰਤੀ ਆਫਤਾਂ ਦਾ ਕਹਿਰ ਵੱਧ ਹੁੰਦਾ ਹੈ। ਏਸ਼ੀਆ ਦੇ ਦੇਸ਼ਾਂ ਵਿੱਚ ਲਗਭਗ ਦੋ ਤਿਹਾਈ ਭੁੱਖਮਰੀ ਹੈ।

ਭੁੱਖਮਰੀ ਦਾ ਸ਼ਿਕਾਰ ਹੋਣ ਵਾਲਿਆਂ ਵਿੱਚ ਬੱਚਿਆਂ ਦੀ ਗਿਣਤੀ ਸਭ ਤੋਂ ਜ਼ਿਆਦਾ ਹੁੰਦੀ ਹੈ ਕਿਉਂਕਿ ਬੱਚੇ ਭੁੱਖ ਜਾਂ ਪੌਸ਼ਟਿਕ ਭੋਜਨ ਦੀ ਘਾਟ ਨੂੰ ਜ਼ਿਆਦਾ ਸਮਾਂ ਬਰਦਾਸ਼ਤ ਨਹੀਂ ਕਰ ਸਕਦੇ। ਅਜਿਹੇ ਬੱਚੇ ਛੇਤੀ ਹੀ ਬਿਮਾਰੀਆਂ ਵਿੱਚ ਘਿਰ ਕੇ ਮੌਤ ਦੇ ਮੂੰਹ ਵਿੱਚ ਚਲੇ ਜਾਂਦੇ ਹਨ। ਯੂ ਐਨ ਓ ਦਾ ਅੰਦਾਜ਼ਾ ਹੈ ਕਿ ਪੂਰੀ ਦੁਨੀਆ ਵਿੱਚ ਹਰ ਨੌਂ ਵਿੱਚੋਂ ਇੱਕ ਵਿਅਕਤੀ ਭੁੱਖਮਰੀ ਦਾ ਸ਼ਿਕਾਰ ਹੋ ਰਿਹਾ ਹੈ। ਬਿਨਾਂ ਸ਼ੱਕ ਯੂ ਐੱਨ ਓ ਦਾ ਇਹ ਕੰਮ ਬਹੁਤ ਮਹਾਨ ਹੈ, ਪਰ ਜੇ ਇਸ ਟੀਚੇ ਨੂੰ ਮਨੁੱਖਵਾਦੀ ਮਨੋਵਿਗਿਆਨ ਨਾਲ ਜੋੜ ਕੇ ਛੇਤੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਇਸ ਦੇ ਲਈ 2030 ਤੱਕ ਉਡੀਕ ਕਰਨ ਦੀ ਲੋੜ ਨਹੀਂ। ਯੂ ਐੱਨ ਓ ਦੇ ਪੱਧਰ 'ਤੇ ਸਾਰੇ ਦੇਸ਼ਾਂ ਨੂੰ ਇੱਕ ਮਨੁੱਖਵਾਦੀ ਮੁਹਿੰਮ ਨਾਲ ਜੋੜ ਦਿੱਤਾ ਜਾਵੇ ਤਾਂ ਭੁੱਖਮਰੀ ਦੀ ਸਮੱਸਿਆ ਇਸ ਨੂੰ ਲਾਗੂ ਕਰਨ ਨਾਲ ਖਤਮ ਕੀਤੀ ਜਾ ਸਕਦੀ ਹੈ।

ਭਾਰਤ ਵਿੱਚ ਪਰਉਪਕਾਰ, ਸਮਾਜ ਸੇਵਾ, ਲੋਕਾਂ ਦੀ ਭਲਾਈ ਕਰਨ ਵਾਲਿਆਂ ਦੀ ਘਾਟ ਨਹੀਂ। ਸਾਡੇ ਦੇਸ਼ ਵਿੱਚ ਅਜਿਹੇ ਕਈ ਮਹਾਨ ਵਿਅਕਤੀ ਤੇ ਸੰਗਠਨ ਹਨ, ਜੋ ਗਰੀਬਾਂ-ਦੁਖੀਆਂ ਨੂੰ ਲਗਾਤਾਰ ਭੋਜਨ ਹਾਸਲ ਕਰਾਉਣ ਦਾ ਕੰਮ ਕਰਦੇ ਹਨ। ਸਾਡੇ ਦੇਸ਼ ਵਿੱਚ ਮੰਦਰਾਂ, ਗੁਰਦੁਆਰਿਆਂ ਵਿੱਚ ਲੰਗਰਾਂ ਤੇ ਭੰਡਾਰਿਆਂ ਦੀ ਪ੍ਰਥਾ ਵੀ ਇਸ ਗੱਲ ਦਾ ਸੰਕੇਤ ਦਿੰਦੀ ਹੈ ਕਿ ਸਾਨੂੰ ਦੂਜਿਆਂ ਨੂੰ ਭੋਜਨ ਮੁਹੱਈਆ ਹਾਸਲ ਵਿੱਚ ਕਿੰਨਾ ਆਨੰਦ ਮਿਲਦਾ ਹੈ।

ਪੰਜਾਬ ਤੋਂ ਇਲਾਵਾ ਹੋਰ ਕਈ ਸੂਬਿਆਂ ਵਿੱਚ ਅਜਿਹੇ ਕਈ ਵਿਅਕਤੀ ਤੇ ਸੰਗਠਨ ਹਨ, ਜੋ ਹਸਪਤਾਲਾਂ ਵਿੱਚ ਲਗਾਤਾਰ ਮਰੀਜ਼ਾਂ ਤੇ ਉਨ੍ਹਾਂ ਦੀ ਦੇਖਭਾਲ ਕਰਨ ਵਾਲਿਆਂ ਨੂੰ ਭੋਜਨ ਤੇ ਦਵਾਈਆਂ ਮੁਫਤ ਹਾਸਲ ਕਰਵਾਉਂਦੇ ਹਨ। ਸਾਡੇ ਦੇਸ਼ ਦੇ ਕਿਸੇ ਵੀ ਕੋਨੇ ਵਿੱਚ, ਚਾਹੇ ਕੋਈ ਛੋਟੀ ਜਿਹੀ ਕੁਦਰਤੀ ਆਫਤ ਵੀ ਕਿਉਂ ਨਾ ਆ ਜਾਵੇ, ਦੂਰੋਂ ਦੂਰੋਂ ਪੀੜਤਾਂ ਲਈ ਰਾਹਤ/ ਖੁਰਾਕ ਸਮੱਗਰੀ ਪਹੁੰਚਣੀ ਸ਼ੁਰੂ ਹੋ ਜਾਂਦੀ ਹੈ। ਕਈ ਵਾਰ ਤਾਂ ਖੁਰਾਕ ਸਮੱਗਰੀ ਇੰਨੀ ਮਾਤਰਾ ਵਿੱਚ ਪਹੁੰਚ ਜਾਂਦੀ ਹੈ ਕਿ ਉਹ ਪਈ ਪਈ ਖਰਾਬ ਵੀ ਹੋ ਜਾਂਦੀ ਹੈ।

ਅਜਿਹੀਆਂ ਮਹਾਨ ਭਾਵਨਾਵਾਂ ਵਾਲੇ ਦੇਸ਼ ਦਾ ਡੂੰਘਾ ਮਨੋਵਿਗਿਆਨ ਹੈ, ਪਰਉਪਕਾਰ ਅਤੇ ਕਿਸੇ ਨੂੰ ਭੁੱਖੇ ਨਾ ਰਹਿਣ ਦੇਣਾ। ਇਸ ਮਨੋਵਿਗਿਆਨ ਦੇ ਸਹਾਰੇ ਯੂ ਐੱਨ ਓ ਸਾਰੀ ਦੁਨੀਆ ਦੇ ਲੋਕਾਂ ਨੂੰ ਇਨ੍ਹਾਂ ਭਾਵਨਾਵਾਂ ਅਪਣਾਉਣ ਅਤੇ ਰੋਜ਼ ਇੱਕ ਸਮੇਂ ਜਾਂ ਹਫਤੇ ਵਿੱਚ ਇੱਕ ਦਿਨ ਭੋਜਨ ਦਾ ਤਿਆਗ ਕਰ ਕੇ ਉਸ ਦੇ ਬਰਾਬਰ ਰਕਮ ਇੱਕ ਮਿਥੇ ਹੋਏ ਫੰਡ ਵਿੱਚ ਜਮ੍ਹਾ ਕਰਵਾਉਣ ਦਾ ਸੱਦਾ ਦੇਵੇ/ ਅਪੀਲ ਕਰੇ ਤਾਂ ਪੂਰਾ ਯਕੀਨ ਹੈ ਕਿ ਸਾਰੀ ਦੁਨੀਆ ਮਿਲ ਕੇ ਇੱਕ ਹੀ ਝਟਕੇ ਵਿੱਚ ਇਸ ਧਰਤੀ ਉਤੋਂ ਭੁੱਖਮਰੀ ਦੀ ਸਮੱਸਿਆ ਜੜ੍ਹੋਂ ਖਤਮ ਕਰ ਦੇਵੇਗੀ।

ਭਾਰਤ ਮੂਲ ਤੌਰ 'ਤੇ ਧਾਰਮਿਕ ਰਵਾਇਤਾਂ ਵਾਲਾ ਦੇਸ਼ ਹੈ, ਜਿੱਥੇ ਧਾਰਮਿਕ ਅਸਥਾਨਾਂ ਉਤੇ ਲੰਗਰ, ਪ੍ਰਸ਼ਾਦ ਆਦਿ ਦਾ ਪੁਰਾਣਾ ਰਿਵਾਜ ਚੱਲ ਰਿਹਾ ਹੈ। ਇਨ੍ਹਾਂ ਸਥਿਤੀਆਂ ਵਿੱਚ ਜੇ ਭਾਰਤ ਸਰਕਾਰ ਸਾਰੇ ਦੇਸ਼ਵਾਸੀਆਂ ਨੂੰ ਭੋਜਨ ਦਾਨ ਕਰਨ ਦੇ ਨਾਂਅ 'ਤੇ ਪ੍ਰਤੀ ਵਿਅਕਤੀ ਘੱਟੋ ਘੱਟ ਰਕਮ ਦਾਨ ਕਰਨ ਲਈ ਕਹੇ ਤਾਂ ਭੋਜਨ ਫੰਡ (ਜਾਂ ਫੂਡ ਬੈਂਕ) ਦੇ ਨਾਂਅ ਨਾਲ ਬਹੁਤ ਵੱਡੀ ਰਕਮ ਜਮ੍ਹਾ ਹੋ ਸਕਦੀ ਹੈ, ਜਿਸ ਨਾਲ ਭੁੱਖਮਰੀ ਨਾਲ ਜੂਝਦੇ ਲੋਕਾਂ ਦਾ ਢਿੱਡ ਭਰਿਆ ਜਾ ਸਕਦਾ ਹੈ। ਇਸ ਪਰੰਪਰਾ ਨਾਲ ਯੂ ਐੱਨ ਓ ਲਈ ਸਾਰੀ ਦੁਨੀਆ ਵਿੱਚ ਅਜਿਹੀ ਕੋਸ਼ਿਸ਼ ਕਰਨਾ ਆਸਾਨ ਹੋ ਸਕੇਗਾ।

# ਮੋਬਾਈਲ ਦੀ ਵਰਤੋਂ ਦਾ ਮਾੜਾ ਰੁਝਾਨ

-ਡਾ. ਰਣਜੀਤ ਸਿੰਘ



ਭਾਰਤ ਵਿੱਚ ਬਾਕੀ ਦੇਸ਼ਾਂ ਦੇ ਮੁਕਾਬਲੇ ਮੋਬਾਈਲ ਫੋਨਾਂ ਦੀ ਜ਼ਿਆਦਾ ਵਰਤੋਂ ਹੋ ਰਹੀ ਹੈ। ਇਸ ਵਿੱਚ ਲਗਭਗ 80 ਕਰੋੜ ਤੋਂ ਵੀ ਵੱਧ ਮੋਬਾਈਲ ਫੋਨ ਵਰਤੇ ਜਾ ਰਹੇ ਹਨ। ਕੀਮਤਾਂ ਘੱਟ ਹੋਣ ਕਾਰਨ ਇਸ ਦੀ ਵਰਤੋਂ ਅਮੀਰਾਂ ਤੋਂ ਇਲਾਵਾ ਗਰੀਬ ਪਰਵਾਰ ਵੀ ਕਰਦਾ ਹੈ। ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਮੋਬਾਈਲ ਸੈਟ ਲਿਜਾਣ ਦੀ ਮਨਾਹੀ ਹੈ, ਫਿਰ ਵੀ ਬਹੁਤੇ ਵਿਦਿਆਰਥੀ ਮੋਬਾਈਲ ਰੱਖਦੇ ਹਨ। ਉਹ ਇਸ ਦੀ ਬਹੁਤੀ ਵਰਤੋਂ ਪੜ੍ਹਾਈ ਲਈ ਕਰਨ ਦੀ ਥਾਂ ਸੁਨੇਹੇ ਭੇਜਣ ਜਾਂ ਇਕ ਦੂਜੇ ਨਾਲ ਵਾਰਤਾਲਾਪ ਕਰਨ ਲਈ ਹੀ ਕਰਦੇ ਹਨ।

ਅੱਜ ਮਾਪਿਆਂ ਕੋਲ ਬੱਚਿਆਂ ਲਈ ਸਮਾਂ ਨਹੀਂ, ਉਹ ਬੱਚਿਆਂ ਨੂੰ ਖੁਸ਼ ਕਰਨ ਲਈ ਪੈਸਾ ਖੁੱਲ੍ਹ ਕੇ ਖਰਚ ਕਰ ਸਕਦੇ ਹਨ, ਪਰ ਆਪਣੇ ਬੱਚਿਆਂ ਨਾਲ ਬੈਠ ਕੁਝ ਸਮਾਂ ਗੱਲਾਂ ਨਹੀਂ ਕਰ ਸਕਦੇ। ਕਾਰ ਵਿੱਚ ਸਫਰ ਦੌਰਾਨ ਪਤੀ ਗੱਡੀ ਚਲਾਉਂਦਾ ਹੈ, ਨਾਲ ਬੈਠੀ ਪਤਨੀ ਫੋਨ 'ਤੇ ਆਪਣੀ ਕਿਸੇ ਸਹੇਲੀ ਨਾਲ ਗੱਲਾਂ ਕਰ ਰਹੀ ਹੁੰਦੀ ਹੈ ਤੇ ਪਿੱਛੇ ਬੈਠੇ ਬੱਚੇ ਆਪੋ ਆਪਣੇ ਮੋਬਾਈਲ ਵਿੱਚ ਕੋਈ ਖੇਡ ਰਹੇ ਹੁੰਦੇ ਹਨ। ਇਹੋ ਹਾਲ ਘਰਾਂ ਵਿੱਚ ਵੇਖਣ ਨੂੰ ਮਿਲਦਾ ਹੈ। ਪਹਿਲਾਂ ਰੇਲ ਵਿੱਚ ਸਫਰ ਕਰਨ ਸਮੇਂ ਬਹੁਤੇ ਯਾਤਰੀ ਕੋਈ ਕਿਤਾਬ ਜਾਂ ਮੈਗਜ਼ੀਨ ਖਰੀਦ ਲੈਂਦੇ ਸਨ, ਹੁਣ ਫੋਨ ਨਾਲ ਜੁੜੇ ਮਾਪੇ ਸਫਰ ਦੌਰਾਨ ਆਪਣੇ ਬੱਚਿਆਂ ਨੂੰ ਕਿਤਾਬਾਂ ਆਦਿ ਪੜ੍ਹਨ ਲਈ ਕਿਸ ਤਰ੍ਹਾਂ ਆਖ ਸਕਦੇ ਹਨ?

ਮੋਬਾਈਲ ਦੀ ਜੇ ਸੰਜਮ ਤੇ ਲੋੜ ਅਨੁਸਾਰ ਵਰਤੋਂ ਕੀਤੀ ਜਾਵੇ ਤਾਂ ਇਸ ਦੇ ਕਈ ਲਾਭ ਹਨ। ਵਿਦਿਆਰਥੀਆਂ ਨੂੰ ਘਰ ਬੈਠੇ ਅਧਿਆਪਕਾਂ ਦੀ ਸਹਾਇਤਾ ਪ੍ਰਾਪਤ ਹੋ ਸਕਦੀ ਹੈ। ਇਸ ਤੋਂ ਇਲਾਵਾ ਕਿਸੇ ਵੀ ਵਿਸ਼ੇ ਬਾਰੇ ਜਾਣਕਾਰੀ ਤੁਸੀਂ ਨੈਟ ਤੋਂ ਘਰ ਬੈਠੇ ਹੀ ਪ੍ਰਾਪਤ ਕਰ ਸਕਦੇ ਹੋ। ਲਾਇਬ੍ਰੇਰੀ ਜਾ ਕੇ ਵੱਡੀ ਗਿਣਤੀ ਵਿੱਚ ਕਿਤਾਬਾਂ ਲੱਭਣ ਵਿੱਚ ਮਿਹਨਤ ਕਰਨ ਦੀ ਲੋੜ ਨਹੀਂ ਪੈਂਦੀ। ਇਸ ਦੇ ਨਾਲ ਹੀ ਮੋਬਾਈਲ ਉਤੇ ਆਏ ਸੁਨੇਹਿਆਂ ਨੂੰ ਪੜ੍ਹਨ ਲਈ ਇਕ ਖਾਸ ਸਮਾਂ ਨਿਸ਼ਚਿਤ ਕੀਤਾ ਜਾਵੇ। ਵਾਰ-ਵਾਰ ਮੋਬਾਈਲ ਖੋਲ੍ਹਣ ਨਾਲ ਪੜ੍ਹਾਈ ਦਾ ਸਮਾਂ ਬਰਬਾਦ ਨਹੀਂ ਕਰਨਾ ਚਾਹੀਦਾ।

ਮਾਪਿਆਂ ਨੂੰ ਵੀ ਆਪਣੇ ਬੱਚਿਆਂ ਨੂੰ ਸਮਝਾਉਣ ਚਾਹੀਦਾ ਹੈ ਕਿ ਸਕੂਲ ਫੋਨ ਦੀ ਵਰਤੋਂ ਲਈ ਨਹੀਂ, ਜ਼ਿੰਦਗੀ ਦੀ ਮੁੱਢਲੀ ਸਮਝ ਹਾਸਲ ਦਾ ਸਮਾਂ ਹੈ। ਬੱਚਿਆਂ ਨੂੰ ਵੱਧ ਨੰਬਰ ਹਾਸਲ ਕਰਨ ਲਈ ਮਹਿੰਗੇ ਮੋਬਾਈਲ ਫੋਨ ਖਰੀਦ ਕੇ ਦੇਣ ਦਾ ਲਾਲਚ ਦੇਣਾ ਵੀ ਠੀਕ ਨਹੀਂ। ਇਸ ਉਮਰ ਵਿੱਚ ਬੱਚਿਆਂ ਨੂੰ ਆਪਣਾ ਸਾਰਾ ਧਿਆਨ ਪੜ੍ਹਾਈ ਉਪਰ ਹੀ ਕੇਂਦਰਿਤ ਕਰਨ ਦੀ ਪ੍ਰੇਰਨਾ ਦੇਣੀ ਚਾਹੀਦੀ ਹੈ।

# ਬਾਬੂਗਿਰੀ ਦਾ ਕਮਾਲ

-ਮੋਹਨ ਲਾਲ ਫਿਲੌਰੀਆ

ਇਸ ਵਿੱਚ ਕੋਈ ਅੱਤ ਕਥਨੀ ਨਹੀਂ ਕਿ ਪੰਜਾਬ ਦੇ ਦਫਤਰਾਂ ਵਿੱਚ 'ਬਾਬੂਗਿਰੀ' ਦਾ ਰਾਜ ਹੈ। ਇਕ ਕਮਾਲ ਦੀ ਕਥਾ 2015 ਦੇ ਨੌਵੇਂ ਮਹੀਨੇ ਤੋਂ ਸ਼ੁਰੂ ਹੋਈ ਸੀ। ਸਾਲ 2016 ਦਾ ਦਸੰਬਰ ਬੀਤ ਗਿਆ, ਤੇ ਬਾਬੂਗਿਰੀ ਸੰਤੁਸ਼ਟ ਨਹੀਂ ਹੋਈ। ਉਸ ਦੀ ਖੇਡ ਜਾਰੀ ਹੈ। ਸੰਤ ਬਾਬਾ ਸੁਰਿੰਦਰ ਦਾਸ ਵਾਸੀ ਪਿੰਡ ਕਾਹਨਪੁਰ (ਜਲੰਧਰ) ਅਤੇ ਉਨ੍ਹਾਂ ਦੇ ਸਹਿਯੋਗੀਆਂ ਨੇ ਜਲੰਧਰ ਦੇ ਡਿਪਟੀ ਕਮਿਸ਼ਨਰ ਨੂੰ ਅਰਜ਼ੀ ਦਿੱਤੀ ਤੇ ਇਕ ਮਾਸਿਕ ਮੈਗਜ਼ੀਨ ਕੱਢਣ ਦੀ ਆਗਿਆ ਮੰਗੀ ਸੀ। ਡਿਪਟੀ ਕਮਿਸ਼ਨਰ ਨੇ ਅਰਜ਼ੀ ਭਾਰਤ ਸਰਕਾਰ ਨੂੰ ਦਿੱਲੀ ਭੇਜਣੀ ਸੀ। ਡਿਪਟੀ ਕਮਿਸ਼ਨਰ ਦਫਤਰ ਹਫਤੇ ਦਸੀਂ ਦਿਨੀਂ ਜਾਇਆ ਜਾਂਦਾ ਰਿਹਾ ਤੇ ਬਸ ਅੱਜ ਕੱਲ੍ਹ ਦਾ ਲਾਰਾ ਲੱਗਦਾ ਰਿਹਾ। ਅਰਜ਼ੀ ਉੱਤੇ ਕੋਈ ਕਾਰਵਾਈ ਨਾ ਹੋਈ ਤੇ ਉਹ ਬਾਬੂਆਂ ਦੇ ਕਬਜ਼ੇ ਵਿੱਚ ਹੀ ਰਹੀ।

ਦਸ ਮਹੀਨੇ ਬੀਤ ਗਏ। ਇਕ ਲਿਖਤੀ ਪੱਤਰ ਭੇਜਿਆ ਗਿਆ, ਪਰ ਬੇਕਾਰ। ਕੀ ਕੀਤਾ ਜਾਵੇ? ਫਿਰ ਆਰ ਟੀ ਆਈ ਤਹਿਤ ਸੂਚਨਾ ਮੰਗੀ ਗਈ ਕਿ ਹੁਣ ਤੱਕ ਅਰਜ਼ੀ ਉੱਤੇ ਕੀਤੀ ਗਈ ਕਾਰਵਾਈ ਬਾਰੇ ਜਾਣਕਾਰੀ ਦਿੱਤੀ ਜਾਵੇ, ਪਰ ਆਰ ਟੀ ਆਈ ਦਾ ਵੀ ਜਵਾਬ ਨਾ ਆਇਆ। ਆਰ ਟੀ ਆਈ ਬੇਕਾਰ ਗਈ। ਕਾਨੂੰਨ ਅਨੁਸਾਰ ਆਰ ਟੀ ਆਈ ਉੱਤੇ ਪਹਿਲੀ ਅਪੀਲ ਐਪੀਲੇਟ ਅਥਾਰਟੀ ਡੀ ਸੀ ਦਫਤਰ ਜਲੰਧਰ ਨੂੰ ਪਾਈ ਗਈ। ਐਪੀਲੇਟ ਅਥਾਰਟੀ ਹਰਕਤ ਵਿੱਚ ਆਈ। ਪੇਸ਼ੀ ਹੋਈ। ਬੁਲਾਇਆ ਗਿਆ। ਪੇਸ਼ੀ ਏ ਡੀ ਸੀ ਸਾਹਿਬ ਦੀ ਅਦਾਲਤ ਵਿੱਚ ਸੀ। ਨੋਟਿਸ ਤੀਹ ਜੂਨ ਨੂੰ ਮਿਲਿਆ, ਜਦ ਕਿ ਨੋਟਿਸ 27 ਜੂਨ ਨੂੰ ਰਜਿਸਟਰੀ ਕੀਤਾ ਗਿਆ ਸੀ, ਜਿਹੜਾ ਤਿੰਨ ਦਿਨ ਬਾਅਦ ਮਿਲਿਆ। ਦੁਬਾਰਾ ਪੇਸ਼ੀ ਹੋਈ। ਏ ਡੀ ਸੀ ਸਾਹਿਬ ਨੇ ਪੁੱਛਿਆ, 'ਕੀ ਚਾਹੁੰਦੇ ਹੋ?' ਬਿਆਨ ਕੀਤਾ। ਸਬੰਧਤ ਬਾਬੂ ਨੂੰ ਬੁਲਾਇਆ ਗਿਆ। ਬਾਬੂ ਝੂਠ ਸੱਚ ਬੋਲ ਕੇ ਦੇਰੀ ਨੂੰ ਟਾਲ ਕੇ ਬਚ ਗਿਆ। ਆਰ ਟੀ ਆਈ ਹੇਠ ਮੰਗੀ ਗਈ ਸੂਚਨਾ ਅੱਧ ਪਚਦਧੀ ਦੇ ਦਿੱਤੀ ਗਈ। 12 ਜੁਲਾਈ ਨੂੰ ਅਰਜ਼ੀ ਡੀ ਸੀ ਦਫਤਰ ਜਲੰਧਰ ਨੇ ਸੁਪਰਡੈਂਟ ਚੰਡੀਗੜ੍ਹ ਨੂੰ ਭੇਜ ਦਿੱਤੀ। ਇਕ ਸਾਧਾਰਨ ਜਿਹੀ ਅਰਜ਼ੀ 10 ਮਹੀਨੇ ਡੀ ਸੀ ਦਫਤਰ ਦੀ ਧੂੜ ਫੱਕਦੀ ਰਹੀ। ਇਹ ਬੜੀ ਅਚੰਭਾ ਜਨਕ ਕਾਰਗੁਜ਼ਾਰੀ ਹੈ। ਹੁਣ ਅਰਜ਼ੀ ਚੰਡੀਗੜ੍ਹ ਪਹੁੰਚ ਗਈ ਹੈ ਅਤੇ ਕੋਈ ਸੂਚਨਾ ਨਹੀਂ ਮਿਲੀ ਕਿ ਅਰਜ਼ੀ ਚੰਡੀਗੜ੍ਹ ਤੋਂ ਦਿੱਲੀ ਲਈ ਚੱਲ ਪਈ ਹੈ ਜਾਂ ਨਹੀਂ। 31 ਦਸੰਬਰ ਨੂੰ ਇਕ ਪੱਤਰ ਸੁਪਰਡੈਂਟ ਸਾਹਿਬ ਪੰਜਾਬ, ਚੰਡੀਗੜ੍ਹ ਨੂੰ ਲਿਖਿਆ ਗਿਆ ਤੇ ਪੁੱਛਿਆ ਗਿਆ ਕਿ ਅਰਜ਼ੀ ਦਾ ਕੀ ਬਣਿਆ? ਕੋਈ ਜਵਾਬ ਨਾ ਆਇਆ। ਕੀ ਕੀਤਾ ਜਾਵੇ? ਜੁਲਾਈ, ਅਗਸਤ, ਅਕਤੂਬਰ, ਨਵੰਬਰ ਅਰਜ਼ੀ ਪੰਜਾਬ ਸਕੱਤਰੇਤ ਵਿੱਚ ਰੁਕੀ ਰਹੀ। ਪੰਦਰਾਂ ਨਵੰਬਰ ਨੂੰ ਗ੍ਰਹਿ ਵਿਭਾਗ ਦੇ ਸੁਪਰਡੈਂਟ ਸਾਹਿਬ ਨੇ ਇਕ ਚਿੱਠੀ ਡੀ ਸੀ ਜਲੰਧਰ ਵੱਲ ਲਿਖੀ ਅਤੇ ਕੁਝ ਖਾਮੀਆਂ ਕੱਢ ਮਾਰੀਆਂ, ਜਿਸ ਦੀ ਕਾਪੀ ਪ੍ਰਾਰਥੀ ਨੂੰ ਵੀ ਭੇਜੀ। ਖਾਮੀਆਂ ਸਨ (ੳ) ਫਾਰਮ 'ਏ' ਐਸ ਡੀ ਐਮ ਦੀ ਰਬੜ ਮੋਹਰ ਅਤੇ ਗੋਲ ਮੋਹਰ ਲਾ ਕੇ ਇਕ ਰੁਪਏ 25 ਪੈਸੇ ਦੀ ਕੋਰਟ ਫੀਸ ਸਟੈਂਪ ਸਮੇਤ ਤਸਦੀਕ ਸ਼ੁਦਾ ਫੋਟੋ ਦੋ ਪਰਤਾਂ ਵਿੱਚ ਭੇਜਿਆ ਜਾਵੇ। (ਅ) ਪ੍ਰਾਰਥੀ ਦੇ ਵੋਟਰ ਕਾਰਡ ਅਤੇ ਵਿੱਦਿਅਕ ਯੋਗਤਾ ਦੇ ਸਰਟੀਫਿਕੇਟ ਤਸਦੀਕ ਕਰਵਾ ਕੇ ਦੋ ਪਰਤਾਂ ਵਿੱਚ ਭੇਜਿਆ ਜਾਵੇ।ਬੜਾ ਅਜੀਬ ਲੱਗਿਆ। ਦਸ ਮਹੀਨੇ ਅਰਜ਼ੀ ਡੀ ਸੀ ਦਫਤਰ ਪਈ ਰਹੀ। ਚਾਰ ਮਹੀਨੇ ਸਕੱਤਰੇਤ ਦੀ ਹੋਮ ਅਫੇਅਰਜ਼ ਸ਼ਾਖਾ ਚੰਡੀਗੜ੍ਹ ਵਿੱਚ ਪਈ ਰਹੀ। ਇਤਰਾਜ਼ ਲੱਗਣ 'ਤੇ ਅਰਜ਼ੀ ਵਾਪਸ ਆ ਗਈ। ਬਿਪਤਾ ਇਹ ਪਈ ਕਿ ਇਕ ਰੁਪਏ 25 ਪੈਸੇ ਦੀ ਕੋਰਟ ਫੀਸ ਨਾ ਮਿਲੀ ਤੇ ਅੱਜ ਤੱਕ ਵੀ ਨਹੀਂ ਮਿਲ ਰਹੀ। ਮਸਲਾ ਹੱਲ ਕਿੱਦਾਂ ਹੋਵੇ? ਇਹ ਤਾਂ ਬਾਬੂਗਿਰੀ ਹੀ ਦੱਸ ਸਕਦੀ ਹੈ, ਜੋ ਕਿਸ਼ਤਾਂ ਵਿੱਚ ਇਤਰਾਜ਼ ਲਾ ਰਹੀ ਹੈ।15 ਨਵੰਬਰ ਵਾਲੀ ਚਿੱਠੀ ਦਾ ਜਵਾਬ ਨੌਂ ਦਸੰਬਰ ਨੂੰ ਪ੍ਰਾਰਥੀ ਨੇ ਭੇਜਿਆ। ਉਮੀਦ ਸੀ ਕਿ ਅਗਲੀ ਕਾਰਵਾਈ ਹੋਵੇਗੀ, ਪਰ ਅਜਿਹਾ ਨਾ ਹੋਇਆ। ਗ੍ਰਹਿ ਮਾਮਲੇ ਤੇ ਨਿਆਂ ਵਿਭਾਗ (ਪ੍ਰੈਸ-2 ਸ਼ਾਖਾ) ਪੰਜਾਬ, ਚੰਡੀਗੜ੍ਹ ਵੱਲੋਂ ਇਕ ਚਿੱਠੀ 15 ਨਵੰਬਰ ਨੂੰ ਇਤਰਾਜ਼ ਲਾ ਕੇ ਭੇਜੀ ਗਈ। ਇਕ ਹੋਰ ਚਿੱਠੀ ਭੇਜੀ ਅਤੇ ਕਿਹਾ ਗਿਆ ਕਿ ਦਸ ਨਾਂਵਾਂ ਦੀ ਲਿਸਟ ਵਿੱਚ ਕੇਵਲ ਪੰਜ ਨਾਂ ਭੇਜੇ ਗਏ ਅਤੇ ਦਸ ਭੇਜੇ ਜਾਣ। ਇਸ ਚਿੱਠੀ ਦਾ ਜਵਾਬ ਵੀ 16 ਦਸੰਬਰ ਨੂੰ ਭੇਜ ਦਿੱਤਾ ਗਿਆ। ਅੱਗੇ ਕੀ ਹੋਇਆ, ਪਤਾ ਨਹੀਂ? ਕੀ ਹੋਵੇਗਾ, ਇਹ ਵੀ ਪਤਾ ਨਹੀਂ? ਕੱਢਿਆ ਜਾਣ ਵਾਲਾ ਮੈਗਜ਼ੀਨ ਨਿਰੋਲ ਧਾਰਮਿਕ, ਸਾਹਿਤਕ ਅਤੇ ਸਮਾਜਿਕ ਹਿੱਤਾਂ ਬਾਰੇ ਹੋਵ-ੇਗਾ, ਪਰ ਪਤਾ ਨਹੀਂ ਕਿਉਂ ਡੀ ਸੀ ਦਫਤਰ ਜਲੰਧਰ ਵੱਲੋਂ ਅਰਜ਼ੀ ਨੂੰ ਅੱਗੇ ਭੇਜਣ 'ਚ 16 ਮਹੀਨੇ ਦਾ ਸਮਾਂ ਲਾ ਦਿੱਤਾ ਗਿਆ। ਅਜੇ ਵੀ ਪਤਾ ਨਹੀਂ, ਹੋਰ ਕਿੰਨੇ ਇਤਰਾਜ਼ ਲੱਗਣੇ ਬਾਕੀ ਹਨ। ਕੀ ਇਹ ਉਚਿਤ ਹੈ ਜਾਂ ਫਿਰ ਇਹ ਜਾਣਬੁੱਝ ਕੇ ਕੀਤਾ ਜਾ ਰਿਹਾ ਹੈ? ਜੇ ਜਾਣਬੁਝ ਕੇ ਹੋਇਆ ਹੈ ਤਾਂ ਕੀ ਜ਼ਿੰਮੇਵਾਰ ਕਰਮਚਾਰੀ ਕਿਸੇ ਅਨੁਸ਼ਾਸਨੀ ਕਾਰਵਾਈ ਦੇ ਪਾਤਰ ਹਨ ਜਾਂ ਨਹੀਂ?

ਚਾਰ ਮਹੀਨੇ ਦਾ ਸਮਾਂ ਸੁਪਰਡੈਂਟ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ (ਪ੍ਰੈਸ-2 ਬਰਾਂਚ) ਪੰਜਾਬ ਚੰਡੀਗੜ੍ਹ ਵਾਲਿਆਂ ਵੀ ਲੈ ਲਿਆ। ਅਰਜ਼ੀ ਉਨ੍ਹਾਂ ਦੇ ਦਫਤਰ ਵਿੱਚ ਵੀ ਚਾਰ ਮਹੀਨੇ ਪਈ ਰਹੀ। ਫਿਰ ਕਿਸ਼ਤਾਂ ਵਿੱਚ ਇਤਰਾਜ਼ ਲਾਉਣੇ ਸ਼ੁਰੂ ਕਰ ਦਿੱਤੇ ਅਤੇ ਲਾਏ ਜਾ ਰਹੇ ਹਨ। ਇਹ ਕੀ ਹੋ ਰਿਹਾ ਹੈ, ਸਮਝ ਤੋਂ ਬਾਹਰ ਹੈ। ਉਨ੍ਹਾਂ ਵੱਲੋਂ ਜਿਹੜੇ ਇਤਰਾਜ਼ ਲਾਏ ਗਏ, ਉਹ ਦੋ ਕਿਸ਼ਤਾਂ ਵਿੱਚ ਲਾਏ ਗਏ। 'ਕੀ ਅਜਿਹਾ ਕਰਨਾ ਉਚਿਤ ਹੈ?' ਕੀ ਰਾਈਟ ਟੂ ਸਰਵਿਸ ਐਕਟ ਅਧੀਨ ਇਹ ਕੇਸ ਨਹੀਂ ਆਉਂਦੇ? ਕਦੇ-ਕਦੇ ਮਹਿਸੂਸ ਹੁੰਦਾ ਹੈ ਕਿ ਅਸੀਂ ਕਿੱਥੇ ਰਹਿ ਰਹੇ ਹਾਂ। ਇਕ ਆਮ ਅਰਜ਼ੀ ਅੱਗੇ ਭੇਜਣ ਲਈ 16 ਮਹੀਨੇ ਲੱਗ ਚੁੱਕੇ ਹਨ। ਅਜੇ ਵੀ ਅਰਜ਼ੀ ਬਾਬੂਆਂ ਦੇ ਟੇਬਲਾਂ 'ਤੇ ਪਈ ਹੈ, ਪਰ ਕਿਉਂ? ਕੈਸ਼ਲੈਸ ਹੋਣ ਦੀਆਂ ਗੱਲਾਂ ਹੋ ਰਹੀਆਂ ਹਨ ਸ਼ਾਇਦ ਇਸ ਕਰਕੇ? ਇਕ ਰੁਪਏ 25 ਪੈਸੇ ਦੀ ਟਿਕਟ ਨਹੀਂ ਮਿਲ ਰਹੀ। ਕਿਹਾ ਜਾ ਰਿਹਾ ਹੈ ਕਿ ਇਕ ਰੁਪਏ 25 ਪੈਸੇ ਦੀ ਟਿਕਟ ਲਾਓ। ਗੋਲ ਮੋਹਰ ਲਾਉਣ ਨੂੰ ਕਿਹਾ ਜਾ ਰਿਹਾ ਹੈ, ਜਦ ਕਿ ਐਸ ਡੀ ਐਮ ਸਾਹਿਬ ਦੇ ਦਸਤਖਤ ਮੌਜੂਦ ਹਨ। ਆਰ ਟੀ ਆਈ ਦੇ ਤਹਿਤ ਜਿਹੜੀ ਸੂਚਨਾ ਮੰਗੀ ਸੀ, ਉਸ ਵਿੱਚ ਇਹ ਸੂਚਨਾ ਵੀ ਮੰਗੀ ਸੀ ਕਿ ਕੀ ਅਜਿਹੇ ਮਾਮਲਿਆਂ ਵਿੱਚ ਰਾਈਟ ਟੂ ਸਰਵਿਸ ਐਕਟ ਲਾਗੂ ਹੁੰਦਾ ਹੈ ਜਾਂ ਨਹੀਂ? ਡੀ ਸੀ ਦਫਤਰ ਨੇ ਜਵਾਬ ਨਾਂਹ ਵਿੱਚ ਦਿੱਤਾ ਸੀ। ਫਿਰ ਇਹ ਬਣਾਇਆ ਕਿਉਂ ਹੈ? ਬਾਬੂਗਿਰੀ ਰਾਜ ਕਰਦੀ ਹੈ ਤੇ ਕਰਦੀ ਰਹੇਗੀ। ਭਾਰਤੀ ਨਾਗਰਿਕ ਹੱਥ ਵਿੱਚ ਅਰਜ਼ੀ ਲੈ ਕੇ ਘੁੰਮਦੇ ਰਹਿਣਗੇ, ਪਰ ਕਦੋਂ ਤੱਕ ਗੀਤ ਸੰਗੀਤ ਚੱਲਦਾ ਰਹੇਗਾ।

# ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ ਵਿੱਚ ਨੌਕਰੀਆਂ ਖਤਮ ਹੋਣੀਆਂ ਚਿੰਤਾ ਦਾ ਵਿਸ਼ਾ

-ਵਿਪਿਨ ਪੱਬੀ

ਅਜਿਹਾ ਕੋਈ ਦਿਨ ਨਹੀਂ ਲੰਘਦਾ, ਜਦੋਂ ਅਖਬਾਰਾਂ ਵਿੱਚ ਨੌਕਰੀਆਂ ਦਾ ਜਾਣਾ, ਅਰਥ ਵਿਵਸਥਾ 'ਚ ਮੰਦੀ ਅਤੇ ਕਰੰਸੀ ਪਸਾਰੇ ਵਿੱਚ ਵਾਧੇ ਦੀ ਚਰਚਾ ਨਾ ਦੇਖਣ ਨੂੰ ਮਿਲੇ। ਸਥਿਰਤਾ ਦੀ ਥਾਂ ਹਾਲਾਤ ਦਿਨ ਬ ਦਿਨ ਵਿਗੜਦੇ ਜਾ ਰਹੇ ਹਨ। ਨੋਟਬੰਦੀ, ਜਿਸ ਦੀ ਤੀਜੀ ਵਰ੍ਹੇਗੰਢ ਅਜੇ ਲੰਘੀ ਹੈ, ਅਜੇ ਤੱਕ ਅਰਥ ਵਿਵਸਥਾ 'ਤੇ ਆਪਣਾ ਨਿਰੰਤਰ ਪ੍ਰਭਾਵ ਬਣਾਇਆ ਹੋਇਆ ਹੈ। ਮੌਜੂਦਾ ਹਾਲਾਤ ਲਈ ਜਲਦਬਾਜ਼ੀ ਦੀ ਸੁਸਤ ਰਫਤਾਰ ਜ਼ਿੰਮੇਵਾਰ ਹੈ। ਸਰਕਾਰ ਵੱਲੋਂ ਇਸ ਮੰਦੀ 'ਤੇ ਅਣਉਚਿਤ ਪ੍ਰਤੀਕਿਰਿਆ ਦਿੱਤੀ ਜਾਂਦੀ ਹੈ। ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ ਵਿੱਚ ਨੌਕਰੀਆਂ ਤੇਜ਼ੀ ਨਾਲ ਖਤਮ ਹੋ ਰਹੀਆਂ ਹਨ, ਜੋ ਚਿੰਤਾ ਦਾ ਵਿਸ਼ਾ ਹੈ। ਵੱਧ ਤੋਂ ਵੱਧ ਨੌਕਰੀਆਂ ਨੂੰ ਪੈਦਾ ਕਰਨਾ ਅਤੇ ਰੋਜ਼ਗਾਰ ਵਿੱਚ ਸਥਿਰਤਾ ਲਿਆਉਣ ਨੂੰ ਘੱਟ ਹੀ ਦੇਖਿਆ ਜਾ ਰਿਹਾ ਹੈ।

ਅਧਿਕਾਰਤ ਅੰਕੜਿਆਂ ਅਨੁਸਾਰ ਇਸ ਦਾ ਪ੍ਰਭਾਵ ਦਿਹਾਤੀ ਤੇ ਨੀਮ ਦਿਹਾਤੀ ਇਲਾਕਿਆਂ 'ਤੇ ਵੱਧ ਹੈ। ਮਨਰੇਗਾ ਸਕੀਮ, ਜੋ ਗੈਰ ਹੁਨਰਮੰਦ ਲੋਕਾਂ ਤੇ ਗਰੀਬ ਤੋਂ ਗਰੀਬ ਨੂੰ ਵੱਧ ਰੁਜ਼ਗਾਰ ਦੇਣ ਦੀ ਗਾਰੰਟੀ ਲਈ ਵਿਕਸਿਤ ਕੀਤੀ ਗਈ ਸੀ, ਦੇ ਤਹਿਤ ਲਾਭਪਾਤਰੀਆਂ ਦੀ ਗਿਣਤੀ ਵਧ ਰਹੀ ਹੈ। ਦਰਮਿਆਨੀ ਉਮਰ ਅਤੇ ਹੋਰਨਾਂ ਲੋਕਾਂ ਦੀ ਤੁਲਨਾ ਵਿੱਚ ਮਨਰੇਗਾ ਦਾ ਲਾਭ ਨੌਜਵਾਨ ਵਿਅਕਤੀ ਵੱਧ ਲੈ ਰਹੇ ਹਨ। ਪਹਿਲਾਂ ਬੁੱਢੇ ਅਤੇ ਦਰਮਿਆਨੀ ਉਮਰ ਦੇ ਲੋਕ ਇਸ ਦਾ ਲਾਭ ਉਠਾ ਰਹੇ ਸਨ। ਕਿਰਤ ਬਲ ਸੰਬੰਧੀ ਇੱਕ ਸਰਵੇ ਅਨੁਸਾਰ ਸ਼ਹਿਰੀ ਬੇਰੋਜ਼ਗਾਰੀ ਦਰ 9.3 ਫੀਸਦੀ ਨੂੰ ਛੂਹ ਚੁੱਕੀ ਹੈ, ਜੋ ਕਿ ਪਿਛਲੇ ਇੱਕ ਸਾਲ ਵਿੱਚ ਸਭ ਤੋਂ ਘੱਟ ਹੈ। ਗਲੋਬਲ ਰੇਟਿੰਗ ਏਜੰਸੀ 'ਮੂਡੀਜ਼', ਜਿਸ ਨੂੰ ਸਭ ਤੋਂ ਵੱਧ ਭਰੋਸੇਯੋਗ ਮੰਨਿਆ ਜਾਂਦਾ ਹੈ, ਨੇ ਵੀ ਆਪਣੀ ਰੇਟਿੰਗ ਵਿੱਚ ਭਾਰਤ ਨੂੰ ਸਥਿਰ ਦੀ ਬਜਾਏ ਨੈਗੇਟਿਵ ਕਰਾਰ ਦਿੱਤਾ ਹੈ। ਇਸ ਦੀ ਰੇਟਿੰਗ ਗੰਭੀਰ ਹੈ। 'ਮੂਡੀਜ਼' ਦੀ ਰੇਟਿੰਗ ਇਹ ਦਰਸਾਉਂਦੀ ਹੈ ਕਿ ਨੇੜ ਭਵਿੱਖ ਵਿੱਚ ਦੇਸ਼ ਦੀ ਅਰਥ ਵਿਵਸਥਾ ਵਿੱਚ ਕੋਈ ਸੁਧਾਰ ਹੋਣ ਵਾਲਾ ਨਹੀਂ। ਇਨ੍ਹਾਂ ਅੰਕੜਿਆਂ ਦਾ ਤਤਕਾਲੀ ਪ੍ਰਭਾਵ ਸਟਾਕ, ਮੁਦਰਾ ਅਤੇ ਬਾਂਡ ਮਾਰਕੀਟ ਵਿੱਚ ਤੇਜ਼ੀ ਨਾਲ ਡਿਗਣ ਤੋਂ ਦਿਸਦਾ ਹੈ।

ਲਾਗਤਾਂ ਵਿੱਚ ਕਟੌਤੀ ਕਰਨ ਲਈ ਲਘੂ ਤੇ ਦਰਮਿਆਨੇ ਸਕੇਲ ਦੀਆਂ ਕੰਪਨੀਆਂ ਆਪਣੇ ਇਥੋਂ ਲੱਖਾਂ ਦੀ ਗਿਣਤੀ ਵਿੱਚ ਕਰਮਚਾਰੀਆਂ ਨੂੰ ਕੱਢ ਰਹੀਆਂ ਹਨ। ਆਟੋ ਅਤੇ ਰੀਅਲ ਅਸਟੇਟ ਦੇ ਠੇਕੇ 'ਤੇ ਰੱਖੇ ਕਰਮਚਾਰੀ ਆਰਥਿਕ ਮੰਦੀ ਦੇ ਸਭ ਤੋਂ ਪਹਿਲੇ ਸ਼ਿਕਾਰ ਬਣੇ ਹਨ। ਦੇਸ਼ ਦਾ ਆਟੋ ਸੈਕਟਰ, ਜੋ ਜੀ ਡੀ ਪੀ ਵਿੱਚ ਸੱਤ ਫੀਸਦੀ ਦਾ ਯੋਗਦਾਨ ਦਿੰਦਾ ਹੈ ਅਤੇ ਜਿਸ ਵਿੱਚ 3.5 ਕਰੋੜ ਤੋਂ ਵੱਧ ਕਰਮਚਾਰੀ ਕੰਮ ਕਰਦੇ ਹਨ, ਨੇ ਤਿੰਨ ਲੱਖ ਤੋਂ ਵੱਧ ਕਰਮਚਾਰੀਆਂ ਨੂੰ ਪਹਿਲਾਂ ਹੀ ਕੱਢ ਦਿੱਤਾ ਹੈ। ਇਹ ਦੇਸ਼ ਦੇ ਸਭ ਤੋਂ ਵੱਡੇ ਨਿੱਜੀ ਸੈਕਟਰ ਦੇ ਕਰਮਚਾਰੀ ਹਨ ਅਤੇ ਇਸ ਵਿੱਚ ਸਹਾਇਕ ਇਕਾਈਆਂ ਦੇ ਹਜ਼ਾਰਾਂ ਕਰਮਚਾਰੀ ਸ਼ਾਮਲ ਹਨ।

ਚਿੰਤਾ ਜਨਕ ਹਾਲਾਤ ਦੇ ਦੌਰਾਨ ਵਾਹਨਾਂ, ਜਿਨ੍ਹਾਂ ਵਿੱਚ ਕਾਰਾਂ ਅਤੇ ਕਮਰਸ਼ੀਅਲ ਵਾਹਨ ਸ਼ਾਮਲ ਹਨ, ਦੀ ਵਿਕਰੀ ਵਿੱਚ ਵੀ ਗਿਰਾਵਟ ਦਰਜ ਕੀਤੀ ਗਈ ਹੈ। ਪਿਛਲੇ ਦੋ ਦਹਾਕਿਆਂ ਵਿੱਚ ਵਿਕਰੀ ਦੇ ਅੰਕੜੇ ਚਿੰਤਾਜਨਕ ਵਿਸ਼ਾ ਬਣ ਚੁੱਕੇ ਹਨ। ਆਟੋ ਨਿਰਮਾਤਾ ਕੰਪਨੀਆਂ ਨੇ ਸਰਕਾਰ ਨੂੰ ਸੁਚੇਤ ਕੀਤਾ ਹੈ ਕਿ ਜੇ ਹਾਲਾਤ 'ਤੇ ਕਾਬੂ ਨਾ ਪਾਇਆ ਗਿਆ ਜਾਂ ਫਿਰ ਇਸ ਦੇ ਪ੍ਰਤੀ ਕੋਈ ਤਤਕਾਲੀ ਕਦਮ ਨਾ ਚੁੱਕਿਆ ਗਿਆ ਤਾਂ ਸਥਿਤੀ ਗੰਭੀਰ ਹੋ ਜਾਵੇਗੀ। ਆਟੋ ਇੰਡਸਟਰੀ ਵਿੱਚ ਪੈਦਾ ਸੰਕਟ ਸਰਕਾਰ ਦੀ ਅਸਪੱਸ਼ਟ ਨੀਤੀ ਅਤੇ ਬਾਜ਼ਾਰ ਵਿੱਚ ਅਨਿਸ਼ਚਿਤਤਾ ਦੇ ਕਾਰਨ ਹੈ।

ਹੋਰ ਪ੍ਰਮੁੱਖ ਸੈਕਟਰ, ਜਿਸ ਵਿੱਚ ਤਣਾਅ ਪੈਦਾ ਹੈ, ਉਹ ਰੀਅਲ ਅਸਟੇਟ ਸੈਕਟਰ ਹੈ। ਆਸ ਕੀਤੀ ਜਾਂਦੀ ਸੀ ਕਿ ਮੋਦੀ ਸਰਕਾਰ ਦੇ ਦੂਸਰੇ ਕਾਰਜਕਾਲ ਦੌਰਾਨ ਇਹ ਸੈਕਟਰ ਪ੍ਰਫੁੱਲਤ ਹੋਵੇਗਾ। ਇਸ ਦੌਰਾਨ ਹਾਲਾਤ ਸੁਧਰਨ ਦੇ ਕੁਝ ਸੰਕੇਤ ਦਿਸੇ ਵੀ, ਪਰ ਮੁੜ ਇਸ ਸੈਕਟਰ ਵਿੱਚ ਗਿਰਾਵਟ ਦਾ ਦੌਰ ਜਾਰੀ ਹੈ। ਰੀਅਲ ਅਸਟੇਟ ਸੈਕਟਰ ਵਿੱਚ ਵੀ ਲੱਖਾਂ ਠੇਕੇ ਉਤੇ ਅਤੇ ਦਿਹਾੜੀਦਾਰ ਕਰਮਚਾਰੀ ਕੱਢੇ ਗਏ ਹਨ। ਨੋਟਬੰਦੀ ਦੀ ਲੰਮੀ ਮਿਆਦ ਦੇ ਅਸਰ ਨੂੰ ਮਾਹਿਰ ਲੋਕ ਅਰਥ ਵਿਵਸਥਾ ਦੀ ਸੁਸਤ ਰਫਤਾਰ ਲਈ ਜ਼ਿੰਮੇਵਾਰ ਦੱਸਦੇ ਹਨ। ਭਾਰਤੀ ਅਰਥ ਵਿਵਸਥਾ ਨੂੰ ਜਾਂਚਣ ਵਾਲੀ ਕੇਂਦਰ ਸਰਕਾਰ ਨੇ ਕਿਹਾ ਕਿ ਦੇਸ਼ ਦੀ ਬੇਰੋਜ਼ਗਾਰੀ ਦਰ ਤਿੰਨ ਸਾਲਾਂ ਵਿੱਚ ਸਭ ਤੋਂ ਉਚੀ ਦਰ 8.4 ਫੀਸਦੀ 'ਤੇ ਟਿਕੀ ਹੋਈ ਹੈ ਅਤੇ ਸਤੰਬਰ 2016 ਤੋਂ ਬਾਅਦ ਮੌਜੂਦਾ ਬੇਰੋਜ਼ਗਾਰੀ ਦੀ ਦਰ ਸਭ ਤੋਂ ਉਤੇ ਹੈ। ਇਤਿਹਾਸ ਵਿੱਚ ਕਈ ਵਾਰ ਦੇਖਿਆ ਗਿਆ ਹੈ ਕਿ ਰੋਜ਼ਗਾਰ ਦੇ ਮੌਕਿਆਂ ਦੀ ਘਾਟ ਅਤੇ ਨੌਕਰੀਆਂ 'ਚੋਂ ਕੱਢਣ ਵਰਗੇ ਕਾਰਨ ਗੰਭੀਰ ਸਮਾਜਕ ਉਲਝਣਾਂ ਨੂੰ ਪੈਦਾ ਕਰਦੇ ਹਨ। ਮੌਜੂਦਾ ਸਮੇਂ ਭਾਰਤ ਵਿਸ਼ਵ ਦਾ ਸਭ ਤੋਂ ਯੂਥ ਦੇਸ਼ ਹੈ, ਜਿਸ ਦੀ ਅੱਧੀ ਆਬਾਦੀ 25 ਸਾਲ ਤੋਂ ਹੇਠਾਂ ਦੀ ਹੈ।

ਮੋਦੀ ਸਰਕਾਰ ਬਿਨਾਂ ਸਮਾਂ ਗੁਆਏ ਇਸ ਹਾਲਾਤ 'ਤੇ ਕਾਬੂ ਕਦੋਂ ਪਾਵੇਗੀ। ਸਰਕਾਰ ਨੇ ਕੁਝ ਕਦਮ ਚੁੱਕੇ ਹਨ, ਜੋ ਢੁਕਵੇਂ ਨਹੀਂ। ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦਾ ਦੇਸ਼ ਦੀ ਅਰਥ ਵਿਵਸਥਾ ਨਾਲ ਨਜਿੱਠਣ ਦਾ ਰਿਕ-ਾਰਡ ਵੀ ਖਾਸ ਤਸੱਲੀ ਬਖਸ਼ ਨਹੀਂ ਹੈ। ਸਰਕਾਰ ਨੂੰ ਮਾਹਰਾਂ ਦੀ ਰਾਏ ਤੇ ਉਨ੍ਹਾਂ ਦੀ ਸਲਾਹ ਲੈਣ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ। ਅਸੀਂ ਸਾਰੇ ਇੱਕ ਰਾਸ਼ਟਰੀ ਸੰਕਟ 'ਚੋਂ ਲੰਘ ਰਹੇ ਹਾਂ ਅਤੇ ਸਮੇਂ ਦੀ ਪੁਕਾਰ ਅਸਰਦਾਇਕ ਢੁਕਵੇਂ ਕਦਮ ਚੁੱਕਣ ਦੀ ਹੈ।

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

# ਗੁਰਦੁਆਰਾ ਸੱਚਾ ਸੌਦਾ (ਚੂਹੜਕਾਣਾ)



ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪਿਤਾ ਮਹਿਤਾ ਕਾਲੂ ਜੀ ਨੇ ਸੰਸਾਰਿਕ ਕਾਰ ਵਿਹਾਰ ਵਿੱਚ ਪਾਉਣ ਲਈ 20 ਰੁਪਏ ਦਿੱਤੇ ਅਤੇ ਵਿਉਪਾਰ ਕਰਨ ਨੂੰ ਕਿਹਾ । ਉਸ ਵੇਲੇ ਆਪ ਜੀ ਦੀ ਉਮਰ 18 ਵਰੇ ਦੱਸੀ ਜਾਂਦੀ ਹੈ । ਆਪ ਬਾਬਾ ਮਰਦਾਨਾ ਜੀ ਨਾਲ ਵਪਾਰ ਕਰਨ ਨਿਕਲੇ। ਮੰਡੀ ਚੂਹੜਕਾਣੇ ਤੋਂ ਬਾਹਰ ਉਹਨਾਂ ਦੇਖਿਆ ਕਿ ਜੰਗਲ ਵਿੱਚ ਕੁਝ ਸਾਧੂ ਭੁੱਖੇ ਭਾਣੇ ਬੈਠੇ ਹਨ । ਆਪ ਤੋਂ ਉਹਨਾ ਦੀ ਭੁੱਖ ਵੇਖੀ ਨਾਂ ਗਈ ਤਾਂ ਆਪ ਜੀ ਨੇ ਉਹਨਾਂ ਵੀਹਾਂ ਰੁਪਈਆਂ ਦਾ ਸਾਧੂਆਂ ਨੂੰ ਲੰਗਰ ਛਕਾ ਦਿੱਤਾ। ਜਦ ਆਪ ਜੀ ਦੇ ਪਿਤਾ ਜੀ ਨੂੰ ਇਹ ਪਤਾ ਲੱਗਾ ਤਾਂ ਉਹ ਕਾਫੀ ਨਰਾਜ਼ ਹੋਏ ਤਾਂ ਆਪਨੇ ਫਰਮਾਇਆ ਕਿ ਮੈਂ ਸੱਚਾ ਸੌਦਾ ਕਰ ਕੇ ਆਇਆ ਹਾਂ ।

ਜਿਸ ਥਾਂ ਆਪ ਜੀ ਨੇ ਸਾਧੂਆਂ ਨੂੰ ਲੰਗਰ ਛਕਾਇਆ ਸੀ, ਉਸ ਥਾਂ ਗੁਰਦੁਆਰਾ ਬਣਿਆ ਹੋਇਆ ਹੈ । ਇਹ ਕਿਲੇ ਵਰਗਾ ਸੁੰਦਰ ਤੇ ਵਿਸ਼ਾਲ ਗੁਰਦੁਆਰਾ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿੱਚ ਸ਼ਾਹੀ ਹੁਕਮ ਤੇ ਬਣਿਆ । ਇਸ ਦੇ ਨਾਂ 250 ਵਿੱਘੇ ਜ਼ਮੀਨ ਹੈ । ਇੱਥੇ ਵਿਸਾਖੀ, ਮਾਘ ਸੁਦੀ 1 ਅਤੇ ਕੱਤਕ ਪੁੰਨਿਆ ਨੂੰ ਮੇਲਾ ਲਗਦਾ ਸੀ । 1947 ਤੋਂ ਮਗਰੋਂ ਇਹ ਗੁਰਦੁਆਰਾ ਬੰਦ ਪਿਆ ਰਿਹਾ । ਹੁਣ ਸੰਨ 1993 ਦੀ ਵਿਸਾਖੀ ਉੱਤੇ ਦੇਸ਼ ਵਿਦੇਸ਼ ਤੋਂ ਆਈਆਂ ਸੰਗਤਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਵਾਸਤੇ ਇਹਨੂੰ ਖੋਹਲ ਦਿੱਤਾ ਗਿਆ ਹੈ। ਇੰਗਲੈਂਡ ਦੀ ਸੰਗਤ ਦੇ ਸਹਿਯੋਗ ਨਾਲ ਲੱਖਾਂ ਰੁਪਇਆ ਖਰਚ ਕਰਕੇ ਇਸ ਅਸਥਾਨ ਦੀ ਮੁਰੰਮਤ ਕਰਵਾਈ ਗਈ ਹੈ। ਨਵਾਂ ਲੰਗਰ ਹਾਲ ਉਸਾਰਿਆ ਗਿਆ ਹੈ ਤੇ ਨਵਾਂ ਹੀ ਸਰੋਵਰ ਬਣਾਇਆ ਗਿਆ ਹੈ। ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ। ਸਾਲ ਵਿੱਚ ਚਾਰ ਵਾਰ ਅਖੰਡ ਪਾਠ ਸਾਹਿਬ ਅਰੰਭ ਕੀਤਾ ਜਾਂਦਾ ਹੈ। ਪ੍ਰਕਾਸ਼ ਅਸਥਾਨ ਦੇ ਸੱਜੇ ਪਾਸੇ ਵਣ ਦਾ ਇੱਕ ਰੁੱਖ ਹੈ। ਸਤਿਗੁਰੂ ਨਾਨਕ ਦੇਵ ਜੀ ਨੇ ਦਾਤਨ ਕਰਕੇ ਇੱਥੇ ਦੱਬ ਦਿੱਤੀ ਤੇ ਉਸ ਤੋਂ ਹਰੀ ਭਰੀ ਹੋ ਕੇ ਅੱਜ ਤੱਕ ਸ਼ਰਧਾਲੂਆਂ ਨੂੰ ਛਾਂ ਦੇ ਰਹੀ ਹੈ ।

## ਮਿੰਨੀ ਕਹਾਣੀ

### ਨਿਘਾਰ

-ਸੁਖਵਿੰਦਰ ਕੌਰ ਸਿੱਧੂ

''ਸਤਿ ਸ੍ਰੀ ਅਕਾਲ ਥਾਣੇਦਾਰ ਸਾਬ੍ਹ, ਆਹ ਫੇਰੋ ਇਹਦੇ ਘੋਟਾ, ਮਸ਼ੋਰ ਮਸਾਂ ਬਚਾਇਐ ਜਲਾਦ ਤੋਂ। ਕੁੱਟ-ਕੁੱਟ ਲਾਲ ਕਰਤਾ ਕਸਾਈ ਨੇ। ਉਹ ਤਾਂ ਮੁੰਡੇ ਨੇ ਮੂਹਰੋਂ ਹੱਥ ਚੁੱਕ ਲਿਆ, ਨਹੀਂ ਤਾਂ ਪਤਾ ਨੀ ਮਾਰ ਈ ਦਿੰਦਾ ਜਵਾਬ ਉਡੀਕੇ ਬਿਨਾ ਸਰਪੰਚ ਬਘੇਲ ਸਿਹੁੰ ਨੇ ਮਨ ਦੀ ਸਾਰੀ ਭੜਾਸ ਕੱਢ ਮਾਰੀ। ਸਰਪੰਚ ਦੇ ਮਗਰੇ ਪਿੰਡ ਦੇ ਪੰਜ-ਸੱਤ ਬੰਦੇ ਅੱਗੜ-ਪਿੱਛੜ ਸਤਿ ਸ੍ਰੀ ਅਕਾਲ ਬੋਲਦੇ ਅੰਦਰ ਲੰਘ ਆਏ।

''ਸਤਿ ਸ੍ਰੀ ਅਕਾਲ ਬਈ ਸਤਿ ਸ੍ਰੀ ਅਕਾਲ, ਆ ਜੋ ਬੈਠੋ।'' ਥਾਣੇਦਾਰ ਸੁੱਚਾ ਸਿੰਘ ਨੇ ਕੁਰਸੀਆਂ ਤੇ ਬੈਂਚਾਂ ਵੱਲ ਇਸ਼ਾਰਾ ਕਰਦਿਆਂ ਕਿਹਾ। ''ਕੀ ਗੱਲ ਹੋਗੀ ਸਰਪੰਚ ਸਾਬ੍ਹ, ਪਿੰਡ ਦਾ ਕੋਈ ਝਗੜਾ ਝੇੜਾ ਹੋ ਗਿਆ..? ਕਿਹੜੇ ਮੁਜ਼ਰਮ ਨੂੰ ਲਈ ਫਿਰਦੇ ਓ..?'' ਥਾਣੇਦਾਰ ਸੁੱਚਾ ਸਿੰਘ ਨੇ ਫਾਈਲਾਂ ਫੋਲਦਿਆਂ ਕਿਹਾ। ਉਹ ਸਰਪੰਚ ਦੇ ਸੁਭਾਅ ਤੋਂ ਚੰਗੀ ਤਰ੍ਹਾਂ ਵਾਕਿਫ ਸੀ।

''ਮੁਜ਼ਰਮ ਤਾਂ ਨਾਲ ਈ ਐ, ਬੱਸ ਘੋਟਾ ਚਾੜ੍ਹ ਦਿਓ ਕਸਾਈ ਦੇ..।'' ਗਾਲ੍ਹ ਕੱਢ ਸਰਪੰਚ ਨੇ ਕੁਰਸੀ ਅੱਗੇ ਨੂੰ ਖਿੱਚ ਲਈ। ਫਾਈਲਾਂ ਤੋਂ ਨਜ਼ਰਾਂ ਚੁੱਕ ਜਦੋਂ ਥਾਣੇਦਾਰ ਦੀ ਨਿਗਾਹ ਪਿੱਛੇ ਨੀਵੀਂ ਪਾਈ ਖੜ੍ਹੇ ਬੰਦੇ 'ਤੇ ਪਈ ਤਾਂ ਉਹ ਕੁਰਸੀ ਤੋਂ ਉਠ ਖੜ੍ਹਾ ਹੋਇਆ ਅਤੇ 'ਤੁਸੀਂ..' ਸ਼ਬਦ ਉਸ ਦੇ ਗਲੇ 'ਚ ਅਟਕ ਗਿਆ ਲੱਗਿਆ। ਉਸ ਨੇ ਅੱਗੇ ਵਧ ਕੇ ਪੈਰੀਂ ਹੱਥ ਲਾ ਮਾਸਟਰ ਪ੍ਰੀਤਮ ਸਿੰਘ ਨੂੰ ਮੋਢਿਆਂ ਤੋਂ ਫੜ ਕੇ ਆਪਣੀ ਕੁਰਸੀ 'ਤੇ ਬਿਠਾ ਦਿੱਤਾ। ਸਾਰੇ ਸੁੰਨ ਜਿਹੇ ਹੋਏ ਥਾਣੇਦਾਰ ਸੁੱਚਾ ਸਿੰਘ ਵੱਲ ਵੇਖਣ ਲੱਗੇ।

''ਇਨ੍ਹਾਂ ਦੀ ਸ਼ਿਕਾਇਤ ਲੈ ਕੇ ਆਉਂਦਿਆਂ ਤੁਹਾਨੂੰ ਸ਼ਰਮ ਨਹੀ ਆਈ? ਜਿਨ੍ਹਾਂ ਨੇ ਪਿੰਡ ਦੀ ਜਵਾਨੀ ਨੂੰ ਕਈ ਅਲਾਮਤਾਂ ਤੋਂ ਬਚਾ ਕੇ ਰੁਜ਼ਗਾਰ ਦੇ ਰਾਹ ਪਾਇਐ। ਬਘੇਲ ਸਿੰਘ ਜੀ! ਜਿਸ ਤਰ੍ਹਾਂ ਦੀ ਗੱਲ ਤੁਸੀਂ ਕਰਦੇ ਓ, ਐਨਾ ਮਾਰਨ ਵਾਲੇ ਨਹੀਂ ਮਾਸਟਰ ਜੀ।'' ਪਾਣੀ ਲਿਆਉਣ ਦਾ ਹੁਕਮ ਕੇ ਥਾਣੇਦਾਰ ਸੁੱਚਾ ਸਿੰਘ ਫੇਰ ਬੋਲਣ ਲੱਗਿਆ, ''ਸਾਡੇ ਸਮਾਜ ਨੂੰ ਵਿਗਾੜਨ ਤੇ ਨਿਘਾਰਨ ਵਿਚ ਥੋਡੇ ਵਰਗਿਆਂ ਦਾ ਹੱਥ ਐ। ਜਿਹੜੇ ਮਸ਼ੋਰ ਨੇ ਅੱਜ ਮਾਸਟਰ ਜੀ 'ਤੇ ਹੱਥ ਚੁੱਕਿਐ, ਉਹ ਕੱਲ੍ਹ ਨੂੰ ਥੋਡੇ 'ਤੇ ਚੁੱਕੂ। ਨਸ਼ੇ ਤੇ ਹੋਰ ਵਾਧੂ ਖਰਚੇ ਕਰੂ। ਬੱਚਾ ਤੇ ਰੰਬਾ ਚੰਡੇ ਕੰਮ ਦਿੰਦੇ ਨੇ। ਅਧਿਆਪਕ ਤੇ ਮਾਪੇ ਦੀ ਮਾਰ ਕਦੇ ਕਿਸੇ ਰੰਜਿਸ਼ ਕਰਕੇ ਨਹੀਂ ਸਗੋਂ ਸਹੀ ਸੇਧ ਦੇਣ ਲਈ ਹੀ ਹੁੰਦੀ ਐ।'' ਸਰਪੰਚ ਦੀ ਇਹ ਸੁਣ ਕੇ ਨੀਵੀਂ ਪੈ ਗਈ ਜਿਵੇਂ ਉਸ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ ਹੋਵੇ।

''ਗੱਲ ਤਾਂ ਠੀਕ ਐ।'' ਬੈਠਿਆਂ 'ਚੋਂ ਕਿਸੇ ਨੇ ਦੱਬਵੀਂ ਆਵਾਜ਼ ਵਿਚ ਕਿਹਾ। ''ਜੇ ਮਾਸਟਰ ਪ੍ਰੀਤਮ ਸਿੰਘ ਜੀ ਤੋਂ ਡੰਡੇ ਨਾ ਖਾਧੇ ਹੁੰਦੇ ਤਾਂ ਆਹ ਡੰਡਾ ਮੇਰੇ ਹੱਥ ਵਿਚ ਨਾ ਆਉਂਦਾ।'' ਪੁਲਸ ਵਾਲੇ ਡੰਡੇ ਵੱਲ ਇਸ਼ਾਰਾ ਕਰਦਾ ਥਾਣੇਦਾਰ ਸੁੱਚਾ ਸਿੰਘ ਮਾਸਟਰ ਪ੍ਰੀਤਮ ਸਿੰਘ ਵੱਲ ਮੁੜਿਆ। ''ਮੇਰੀ ਇਸ ਕੁਰਸੀ ਦੇ ਹੱਕਦਾਰ ਤੁਸੀਂ ਹੋ ਮਾਸਟਰ ਜੀ, ਮੈਨੂੰ ਇੱਥੇ ਤੱਕ ਪੁਚਾਉਣ ਵਾਲੇ ਮੇਰੇ ਗੁਰੂ। ਪਰ ਇਹ ਸਾਰਾ ਕੁਝ ਕਿਵੇਂ ਵਾਪਰਿਆ..?'' ਸਵਾਲੀਆ ਨਜ਼ਰਾਂ ਨਾਲ ਮਾਸਟਰ ਜੀ ਵੱਲ ਵੇਖ ਕੇ ਥਾਣੇਦਾਰ ਨੇ ਪੁੱਛਿਆ।

ਮਾਸਟਰ ਪ੍ਰੀਤਮ ਸਿੰਘ ਦਾ ਗਲਾ ਭਰ ਆਇਆ। ਉਹ ਮੂੰਹੋਂ ਕੁਝ ਨਾ ਬੋਲਿਆ ਤੇ ਭਰੀਆਂ ਅੱਖਾਂ ਨਾਲ ਸੁੱਚਾ ਸਿਹੁੰ ਵੱਲ ਦੇਖਣ ਲੱਗਿਆ। ਉਸ ਦੀਆਂ ਭਰੀਆਂ ਅੱਖਾਂ 'ਚੋਂ ਗੁਰੂ ਚੇਲੇ ਦੇ ਰਿਸ਼ਤੇ ਦਾ ਨਿਘਰ ਪੂਰੀ ਤਰ੍ਹਾਂ ਝਲਕ ਰਿਹਾ ਸੀ ਅਤੇ ਬੇਜ਼ੁਬਾਨ ਹੋਏ ਪਤਵੰਤੇ ਅੰਦਰੋਂ-ਅੰਦਰੀ ਆਪਣੇ ਆਪ ਨੂੰ ਲਾਹਣਤਾਂ ਪਾ ਰਹੇ ਸਨ।

# ਇੱਕ ਵਿਚਾਰ ਇਹ ਵੀ: ਖਾਨਾਜੰਗੀ ਦੀ ਸ਼ਿਕਾਰ ਤਾਂ ਨਹੀਂ ਭਾਜਪਾ

-ਸੰਜੇ ਗੁਪਤ-

ਆਖਰ ਉਧਵ ਠਾਕਰੇ ਨੇ ਕਾਂਗਰਸ ਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐੱਨ ਸੀ ਪੀ) ਦੀ ਮਦਦ ਨਾਲ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇ ਅਹੁਦੇ 'ਤੇ ਬਿਰਾਜਮਾਨ ਹੋਣ ਮਗਰੋਂ ਭਰੋਸੇ ਦਾ ਵੋਟ ਹਾਸਲ ਕਰ ਲਿਆ। ਉਨ੍ਹਾਂ ਨੇ ਬੀਤੇ ਹਫਤੇ ਇਸ ਕੁਰਸੀ 'ਤੇ ਬੈਠਣਾ ਸੀ, ਪਰ ਇਸ ਵਿੱਚ ਦੇਰੀ ਇਸ ਲਈ ਹੋਈ ਕਿ ਇੱਕ ਅਣਕਿਆਸੇ ਘਟਨਾ ਚੱਕਰ ਤਹਿਤ ਭਾਜਪਾ ਦੇ ਦੇਵੇਂਦਰ ਫੜਨਵੀਸ ਨੇ ਮੁੱਖ ਮੰਤਰੀ ਅਹੁਦੇ ਦੀ ਸਹੁੰ ਚੁੱਕ ਲਈ ਸੀ। ਇਸ ਦਾ ਕਾਰਨ ਐਨ ਸੀ ਪੀ ਦੇ ਅਜੀਤ ਪਵਾਰ ਦਾ ਚੁੱਪ ਚੁਪੀਤੇ ਢੰਗ ਨਾਲ ਉਨ੍ਹਾਂ ਨਾਲ ਚਲੇ ਜਾਣਾ ਸੀ। ਫੜਨਵੀਸ ਨੂੰ ਮੁੱਖ ਮੰਤਰੀ ਅਤੇ ਅਜੀਤ ਪਵਾਰ ਨੂੰ ਉਪ ਮੁੱਖ ਮੰਤਰੀ ਅਹੁਦੇ ਦੀ ਸਹੁੰ ਚੁਕਾਉਣ ਲਈ ਬੀਤੇ ਸ਼ਨੀਵਾਰ ਸਵੇਰੇ ਲਗਭਗ ਸਾਢੇ ਪੰਜ ਵਜੇ ਰਾਸ਼ਟਰਪਤੀ ਸ਼ਾਸਨ ਹਟਾਇਆ ਗਿਆ ਸੀ। ਇਸ ਤੋਂ ਕੁਝ ਦੇਰ ਬਾਅਦ ਗਵਰਨਰ ਨੇ ਨਵੀਂ ਸਰਕਾਰ ਨੂੰ ਸਹੁੰ ਚੁਕਾ ਦਿੱਤੀ।

ਇਹ ਖਬਰ ਸਾਹਮਣੇ ਆਉਂਦੇ ਸਾਰ ਐੱਨ ਸੀ ਪੀ ਅਤੇ ਸ਼ਿਵ ਸੈਨਾ ਦੇ ਨੇਤਾ ਸੁਪਰੀਮ ਕੋਰਟ ਪੁੱਜ ਗਏ। ਸੁਪਰੀਮ ਕਰੋਟ ਨੇ ਫੜਨਵੀਸ ਸਰਕਾਰ ਨੂੰ ਬੁੱਧਵਾਰ ਨੂੰ ਬਹੁਮਤ ਸਿੱਧ ਕਰਨ ਦਾ ਨਿਰਦੇਸ਼ ਦਿੱਤਾ। ਇਸ ਦੇ ਇੱਕ ਦਿਨ ਪਹਿਲਾਂ ਅਜੀਤ ਪਵਾਰ ਨੇ ਅਸਤੀਫਾ ਦੇ ਦਿੱਤਾ। ਫਿਰ ਫੜਨਵੀਸ ਨੂੰ ਵੀ ਇਹੋ ਕਰਨ ਲਈ ਮਜਬੂਰ ਹੋਣਾ ਪਿਆ। ਇਹ ਕੁਝ ਹੋਣ ਦੇ ਆਸਾਰ ਉਦੋਂ ਹੀ ਬਣ ਗਏ ਸਨ ਜਦ ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਬਹੁਤੇ ਵਿਧਾਇਕ ਅਜੀਤ ਪਵਾਰ ਦਾ ਸਾਥ ਛੱਡ ਕੇ ਸ਼ਰਦ ਪਵਾਰ ਕੋਲ ਚਲੇ ਗਏ ਸਨ। ਆਖਰ ਖੁਦ ਅਜੀਤ ਪਵਾਰ ਨੇ ਵੀ ਘਰ ਵਾਪਸੀ ਕਰ ਲਈ। ਅਜੀਤ ਪਵਾਰ ਨੇ ਜਿਸ ਤਰ੍ਹਾਂ ਕੁਝ ਘੰਟਿਆਂ ਅੰਦਰ ਘਰ ਵਾਪਸੀ ਕੀਤੀ ਤੇ ਉਥੇ ਉਨ੍ਹਾਂ ਦਾ ਜਿਸ ਤਰ੍ਹਾਂ ਸਵਾਗਤ ਹੋਇਆ, ਉਸ ਤੋਂ ਇਹੀ ਲੱਗਦਾ ਹੈ ਕਿ ਉਹ ਅਜਿਹੀ ਕਿਸੇ ਸਿਆਸੀ ਸਾਜ਼ਿਸ਼ ਦਾ ਹਿੱਸਾ ਸਨ, ਜਿਸ ਦਾ ਮਕਸਦ ਭਾਜਪਾ ਨੂੰ ਭੁਲੇਖੇ ਵਿੱਚ ਪਾ ਕੇ ਉਸ ਨੂੰ ਨੀਵਾਂ ਦਿਖਾਉਣਾ ਸੀ। ਅਜਿਹਾ ਲੱਗਦਾ ਹੈ ਕਿ ਭਾਜਪਾ ਵਿਰੁੱਧ ਸਿਆਸੀ ਜਾਲ ਬੁਣਨ ਦਾ ਕੰਮ ਵਿਧਾਨ ਸਭਾ ਚੋਣਾਂ ਦੇ ਸਮੇਂ ਹੀ ਸ਼ੁਰੂ ਹੋ ਗਿਆ ਸੀ। ਭਾਜਪਾ ਲਈ ਇਹ ਸਿਆਸੀ ਜਾਲ ਜਿਸ ਨੇ ਵੀ ਬੁਣਿਆ,



ਉਹ ਆਪਣੇ ਮਕਸਦ ਵਿੱਚ ਸਫਲ ਰਿਹਾ। ਭਾਜਪਾ ਨੇ ਮਹਾਰਾਸ਼ਟਰ ਦੀ ਸਰਕਾਰ ਤੋਂ ਵੀ ਹੱਥ ਧੋਇਆ ਅਤੇ ਆਪਣੀ ਸਾਖ ਵੀ ਗੁਆ ਲਈ।

ਭਾਜਪਾ ਦੇ ਨਾਲ ਮੋਦੀ ਸਰਕਾਰ ਲਈ ਇਸ ਸਵਾਲ ਦਾ ਜਵਾਬ ਦੇਣਾ ਮੁਸ਼ਕਲ ਹੈ ਕਿ ਆਖਰ ਵਿਸ਼ੇਸ ਨਿਯਮ ਦੀ ਵਰਤੋਂ ਕਰਦੇ ਹੋਏ ਗੁੱਪ-ਚੁੱਪ ਢੰਗ ਨਾਲ ਰਾਸ਼ਟਰਪਤੀ ਸ਼ਾਸਨ ਹਟਾਉਣ ਦੀ ਕੀ ਲੋੜ ਸੀ? ਧਿਆਨ ਰਹੇ, ਇਸ ਨਿਯਮ ਦੀ ਵਰਤੋਂ ਖਾਸ ਮੌਕੇ ਅਤੇ ਅਸਾਧਾਰਨ ਹਾਲਾਤ ਵਿੱਚ ਕੀਤੀ ਜਾਂਦੀ ਹੈ। ਭਾਜਪਾ ਕੋਲ ਇਸ ਸਵਾਲ ਦਾ ਜਵਾਬ ਵੀ ਨਹੀਂ ਕਿ ਸਵੇਰੇ ਇੰਨੀ ਜਲਦੀ ਸਹੁੰ ਚੁੱਕਣ ਦੀ ਕੀ ਜ਼ਰੂਰਤ ਸੀ? ਕੀ ਉਸ ਨੂੰ ਇਹ ਡਰ ਸੀ ਕਿ ਕਿਤੇ ਕਾਂਗਰਸ ਅਤੇ ਐੱਨ ਸੀ ਪੀ ਸ਼ਿਵ ਸੈਨਾ ਦੇ ਪੱਖ ਵਿੱਚ ਗਵਰਨਰ ਨੂੰ ਸਮਰਥਨ ਪੱਤਰ ਨਾ ਸੌਂਪ ਦੇਣ?

ਸੱਚਾਈ ਜੋ ਵੀ ਹੋਵੇ, ਇਨ੍ਹਾਂ ਸਵਾਲਾਂ ਨੇ ਭਾਜਪਾ ਨੂੰ ਕਸੂਤੇ ਫਸਾਉਣ ਦਾ ਕੰਮ ਕੀਤਾ ਹੈ। ਇਹ ਸਹੀ ਹੈ ਕਿ ਸ਼ਿਵ ਸੈਨਾ ਨੇ ਭਾਜਪਾ ਨੂੰ ਧੋਖਾ ਦਿੱਤਾ, ਪਰ ਉਸ ਨੂੰ ਇਸ ਦਾ ਅਹਿਸਾਸ ਪਹਿਲਾਂ ਤੋਂ ਹੋਣਾ ਚਾਹੀਦਾ ਸੀ ਕਿ ਚੋਣ ਨਤੀਜਿਆਂ ਤੋਂ ਬਾਅਦ ਉਹ ਉਸ ਤੋਂ ਪਾਸਾ ਵੱਟ ਸਕਦੀ ਹੈ। ਮਹਾਰਾਸ਼ਟਰ ਦੇ ਚੋਣ ਨਤੀਜੇ ਇਹ ਕਹਿ ਰਹੇ ਸਨ ਕਿ ਸਰਕਾਰ ਫੜਨਵੀਸ ਦੀ ਅਗਵਾਈ ਹੇਠ ਬਣਨੀ ਚਾਹੀਦੀ ਹੈ, ਪਰ ਸ਼ਿਵ ਸੈਨਾ ਵਾਰੀ-ਵਾਰੀ ਮੁੱਖ ਮੰਤਰੀ ਬਣਾਉਣ ਦੀ ਗੱਲ 'ਤੇ ਅੜ ਗਈ। ਇਹ ਪਹਿਲਾਂ ਵੀ ਹੋ ਚੁੱਕਾ ਹੈ। ਸੰਨ 1999 ਵਿੱਚ ਭਾਜਪਾ ਵਾਰੀ-ਵਾਰੀ ਮੁੱਖ ਮੰਤਰੀ ਦੇ ਫਾਰਮੂਲੇ 'ਤੇ ਜ਼ੋਰ ਦੇ ਰਹੀ ਸੀ, ਪਰ ਉਦੋਂ ਸ਼ਿਵ ਸੈਨਾ ਇਸ ਦੇ ਲਈ ਉਸੇ ਤਰ੍ਹਾਂ ਤਿਆਰ ਨਹੀਂ ਹੋਈ ਜਿਸ ਤਰ੍ਹਾਂ ਇਸ ਵਾਰ ਭਾਜਪਾ ਤਿਆਰ ਨਹੀਂ ਹੋਈ। ਇਸ ਦਾ ਲਾਭ ਕਾਂਗਰਸ ਅਤੇ ਐੱਨ ਸੀ ਪੀ ਨੇ ਚੁੱਕਿਆ। ਦੋਵੇਂ ਇੱਕ ਦੂਜੀ ਦੇ ਖਿਲਾਫ ਚੋਣਾਂ ਲੜੀਆਂ ਸਨ, ਫਿਰ ਵੀ ਸੱਤਾ ਵਾਸਤੇ ਇਕੱਠੀਆਂ ਹੋ ਗਈਆਂ। ਇਹ ਗਠਜੋੜ ਲੰਬਾ ਚੱਲਿਆ ਅਤੇ ਲਗਭਗ 15 ਸਾਲ ਸ਼ਿਵ ਸੈਨਾ ਨੂੰ ਸੱਤਾ ਵਿੱਚ ਆਉਣ ਦਾ ਮੌਕਾ ਨਹੀਂ ਮਿਲਿਆ। ਸੰਨ 2014 ਦੀਆਂ ਵਿਧਾਨ ਸਭਾ ਚੋਣਾਂ ਦੋਵੇਂ ਪਾਰਟੀਆਂ ਨੇ ਅਲੱਗ ਹੋ ਕੇ ਲੜੀਆਂ। ਭਾਜਪਾ ਨੂੰ ਸ਼ਿਵ ਸੈਨਾ ਦੇ ਮੁਕਾਬਲੇ ਕਿਤੇ ਵੱਧ ਸੀਟਾਂ ਮਿਲੀਆਂ। ਉਹ ਮਜਬੂਰੀ ਵਿੱਚ ਭਾਜਪਾ ਸਰਕਾਰ ਨੂੰ ਸਮਰਥਨ ਦੇਣ ਲਈ ਤਿਆਰ ਹੋਈ। ਇਸ ਤੋਂ ਬਾਅਦ ਉਸ ਨੇ ਭਾਜਪਾ ਨੂੰ ਖਰੀਆਂ-ਖੋਟੀਆਂ ਸੁਣਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਇਹ ਸਿਲਸਿਲਾ ਲੋਕ ਸਭਾ ਚੋਣਾਂ ਤੱਕ ਚੱਲਦਾ ਰਿਹਾ। ਅਮਿਤ ਸ਼ਾਹ ਦੇ ਮਨਾਉਣ ਉੱਤੇ ਉਹ ਲੋਕ ਸਭਾ ਚੋਣਾਂ ਮਿਲ ਕੇ ਲੜਨ ਲਈ ਤਿਆਰ ਹੋਈਆਂ। ਇਹ ਮੇਲ ਮਿਲਾਪ ਵਿਧਾਨ ਸਭਾ ਚੋਣਾਂ ਵਿੱਚ ਵੀ ਬਣਿਆ ਰਿਹਾ ਸੀ, ਪਰ ਸ਼ਾਇਦ ਸ਼ਿਵ ਸੈਨਾ ਭਾਜਪਾ ਨੂੰ ਵੱਡੇ ਭਰਾ ਦੀ ਭੂਮਿਕਾ ਵਿੱਚ ਦੇਖਣ ਲਈ ਤਿਆਰ ਨਹੀਂ ਸੀ ਤੇ ਇਸੇ ਲਈ ਚੋਣਾਂ ਤੋਂ ਬਾਅਦ ਉਹ ਉਸ ਨਾਲੋਂ ਤੋੜ ਵਿਛੋੜਾ ਕਰ ਗਈ। ਉਸ ਦੀ ਪੀੜਾ ਸਮਝ ਆ ਰਹੀ ਸੀ, ਪਰ ਇਹ ਨਹੀਂ ਮੰਨਿਆ ਜਾ ਰਿਹਾ ਸੀ ਕਿ ਉਹ ਸੱਤਾ ਲਈ ਆਪਣੀ ਵਿਚਾਰਧਾਰਾ ਨੂੰ ਛਿੱਕੇ ਟੰਗ ਕੇ ਆਪਣੀ ਕੱਟੜ ਵਿਰੋਧੀ ਕਾਂਗਰਸੀ ਅਤੇ ਐੱਨ ਸੀ ਪੀ ਨਾਲ ਹੱਥ ਮਿਲਾਉਣਾ ਪਸੰਦ ਕਰੇਗੀ। ਉਸ ਨੇ ਇਹੋ ਕੀਤਾ। ਸ਼ਿਵ ਸੈਨਾ ਜਿਵੇਂ ਆਪਣੀਆਂ ਵਿਰੋਧੀ ਪਾਰਟੀਆਂ ਨਾਲ ਗਈ, ਉਸ ਨਾਲ ਭਾਰਤੀ ਸਿਆਸਤ ਦੇ ਮੌਕਾਪ੍ਰਸੀਤ ਵਾਲੇ ਚਰਿੱਤਰ ਦੀ ਪੁਸ਼ਟੀ ਹੋਈ ਹੈ।

ਜੇ ਬਾਲ ਠਾਕਰੇ ਜਿੰਦਾ ਹੁੰਦੇ ਤਾਂ ਸ਼ਾਇਦ ਇਹ ਸਭ ਨਾ ਹੋਇਆ ਹੁੰਦਾ। ਜੋ ਵੀ ਹੋਵੇ, ਮਹਾਰਾਸ਼ਟਰ ਦੇ ਸਿਆਸੀ ਘਟਨਾ ਚੱਕਰ ਨੇ ਇਹੀ ਦਿਖਾਇਆ ਹੈ ਕਿ ਸਿਆਸੀ ਪਾਰਟੀਆਂ ਲੋਕ ਫਤਵੇ ਨਾ ਮਨਮਰਜ਼ੀ ਨਾਲ ਵਰਤੋਂ ਕਰਨ ਲਈ ਕਿਸੇ ਵੀ ਹੱਦ ਤੱਕ ਜਾ ਸਕਦੀਆਂ ਹਨ। ਕਾਇਦੇ ਕਾਨੂੰਨ ਨਾਲ ਤੇ ਸਿਆਸੀ ਨੈਤਿਕਤਾ ਦੇ ਹਿਸਾਬ ਨਾਲ ਮਹਾਰਾਸ਼ਟਰ ਵਿੱਚ ਸਰਕਾਰ ਭਾਜਪਾ-ਸ਼ਿਵ ਸੈਨਾ ਦੀ ਬਣਨੀ ਚਾਹੀਦੀ ਸੀ, ਕਿਉਂਕਿ ਲੋਕ ਫਤਵਾ ਇਸੇ ਗਠਜੋੜ ਦੇ ਵਾਸਤੇ ਵਿੱਚ ਸੀ। ਇਸ ਲੋਕ ਫਤਵੇ ਨੂੰ ਅੰਗੂਠਾ ਦਿਖਾ ਦਿੱਤਾ ਗਿਆ। ਜ਼ਾਹਰ ਹੈ ਕਿ ਇਸ ਸਭ ਨਾਲ ਉਹ ਲੋਕ ਖੁਦ ਨੂੰ ਠੱਗਿਆ ਹੋਇਆ ਮਹਿਸੂਸ ਕਰ ਰਹੇ ਹੋਣਗੇ, ਜਿਨ੍ਹਾਂ ਨੇ ਭਾਜਪਾ-ਸ਼ਿਵ ਸੈਨਾ ਸਰਕਾਰ ਬਣਾਉਣ ਦੇ ਮਕਸਦ ਨਾਲ ਵੋਟਾਂ ਪਾਈਆਂ ਸਨ।

ਫਿਲਹਾਲ ਮਹਾਰਾਸ਼ਟਰ ਵਿੱਚ ਠਾਕਰੇ ਸਰਕਾਰ ਦੇ ਹੁਕਮਰਾਨ ਹੋਣ ਦੇ ਨਾਲ ਹੀ ਇੱਕ ਹੋਰ ਸੂਬਾ ਭਾਜਪਾ ਦੇ ਹੱਥੋਂ ਨਿਕਲ ਗਿਆ। ਇਹ ਉਦੋਂ ਹੋਇਆ ਜਦ ਪ੍ਰਧਾਨ ਮੰਤਰੀ ਮੋਦੀ ਅਤੇ ਅਮਿਤ ਸ਼ਾਹ ਭਾਜਪਾ ਦੀ ਕੌਮੀ ਪੱਧਰ 'ਤੇ ਪ੍ਰਵਾਨਗੀ ਵਧਾਉਣ ਵਿੱਚ ਕਾਮਯਾਬੀ ਹਾਸਲ ਕਰ ਰਹੇ ਹਨ। ਇੱਕ ਕਾਮਯਾਬੀ ਦਾ ਕਾਰਨ ਪ੍ਰਧਾਨ ਮੰਤਰੀ ਮੋਦੀ ਵੱਲੋਂ ਪੰਜ ਸਾਲ ਤੱਕ ਇੱਕ ਸਾਫ ਸੁਥਰੀ ਸਰਕਾਰ ਚਲਾਉਣਾ ਤੇ ਇਸ ਦੌਰਾਨ ਕਈ ਵੱਡੇ ਹੌਸਲੇ ਵਾਲੇ ਫੈਸਲੇ ਲੈਣਾ ਹੈ। ਦੂਜੇ ਕਾਰਜਕਾਲ ਵਿੱਚ ਵੀ ਇਹ ਸਰਕਾਰ ਹੌਸਲੇ ਵਾਲੇ ਫੈਸਲੇ ਲੈਣ ਲੱਗੀ ਹੋਈ ਹੈ।

ਅਜਿਹੇ ਮਾਹੌਲ ਵਿੱਚ ਭਾਜਪਾ ਨੂੰ ਇਸ 'ਤੇ ਚਿੰਤਨ ਕਰਨਾ ਹੀ ਹੋਵੇਗਾ ਕਿ ਮੋਦੀ-ਸ਼ਾਹ ਦੀ ਕਾਮਯਾਬ ਜੋੜੀ ਦੀ ਮੌਜੂਦਗੀ ਵਿੱਚ ਉਸ ਨੂੰ ਰਾਜਾਂ ਵਿੱਚ ਆਸ ਮੁਤਾਬਕ ਸਫਲਤਾ ਕਿਉਂ ਨਹੀਂ ਮਿਲ ਰਹੀ? ਇਸ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ। ਮਹਾਰਾਸ਼ਟਰ ਵਿੱਚ ਭਾਜਪਾ ਨੂੰ ਆਸ ਮੁਤਾਬਕ ਸਿਆਸੀ ਸਫਲਤਾ ਨਹੀਂ ਮਿਲੀ। ਸੂਬੇ ਦੇ ਕੁਝ ਇਲਾਕਿਆਂ ਵਿੱਚ ਪਾਰਟੀ ਦੇ ਬਿਹਤਰ ਪ੍ਰਦਰਸ਼ਨ ਦੀ ਆਸ ਪੂਰੀ ਨਹੀਂ ਹੋ ਸਕੀ। ਕਿਤੇ ਅਜਿਹਾ ਤਾਂ ਨਹੀਂ ਕਿ ਭਾਜਪਾ ਦੇ ਨੇਤਾ ਹੀ ਮੋਦੀ-ਸ਼ਾਹ ਦੀ ਜੋੜੀ ਨੂੰ ਨੁਕਸਾਨ ਪਹੁੰਚਾਉਣ ਵਾਸਤੇ ਅੰਦਰਖਾਤੇ ਵਾਰ ਕਰਨ ਵਿੱਚ ਲੱਗੇ ਹੋਣ? ਇਹ ਉਹ ਖਦਸ਼ਾ ਹੈ ਜਿਸ ਤੋਂ ਇਨਕਾਰ ਨਹੀ ਕੀਤਾ ਜਾ ਸਕਦਾ। ਉਂਜ ਵੀ ਆਪਣੇ ਦੇਸ਼ ਦੀ ਸਿਆਸਤ ਵਿੱਚ ਸਭ ਕੁਝ ਸੰਭਵ ਹੈ।

# ਅਧਿਆਪਕਾਂ ਦੇ ਲਿਖਣ 'ਤੇ ਪਾਬੰਦੀ ਕਿੰਨੀ ਕੁ ਜਾਇਜ਼

-ਬਿੰਦਰ ਸਿੰਘ ਖੁੰਡੀ ਕਲਾਂ-

ਪੰਜਾਬ ਦੇ ਸਕੂਲ ਸਿੱਖਿਆ ਵਿਭਾਗ ਨੇ ਲਿਖਤੀ ਪੱਤਰ ਜਾਰੀ ਕਰਕੇ ਸਰਕਾਰੀ ਸਕੂਲਾਂ 'ਚ ਕੰਮ ਕਰਦੇ ਟੀਚਰਾਂ ਦੇ ਲਿਖਣ 'ਤੇ ਪਾਬੰਦੀ ਲਾਉਂਦਿਆਂ ਕਿਹਾ ਹੈ ਕਿ ਕੋਈ ਵੀ ਅਧਿਆਪਕ ਪੱਤਰਕਾਰੀ ਨਹੀਂ ਕਰ ਸਕਦਾ। ਅਧਿਆਪਕਾਂ ਵੱਲੋਂ ਪੱਤਰਕਾਰੀ ਜਾਂ ਆਰਟੀਕਲ ਲਿਖਣ ਲਈ ਸੰਸਥਾ ਦੇ ਮੁੱਖੀਆਂ ਕੋਲੋਂ ਪ੍ਰਾਪਤ ਹਰ ਕਿਸਮ ਦੀਆਂ ਮਨਜ਼ੂਰੀਆਂ ਨੂੰ ਵੀ ਪੱਤਰ ਦੇ ਸ਼ੁਰੂ ਵਿੱਚ ਇਸ ਤਰ੍ਹਾਂ ਰੱਦ ਕੀਤਾ ਗਿਆ ਹੈ ਜਿਵੇਂ ਵਿਭਾਗ ਨੂੰ ਅਧਿਆਪਕਾਂ ਦੀ ਸਾਹਿਤਕਾਰੀ ਤੋਂ ਵਿਸ਼ੇਸ਼ ਨਫ਼ਰਤ ਹੋ ਗਈ ਹੋਵੇ। ਪਾਬੰਦੀ ਦੀ ਗੱਲ ਅਧਿਆਪਕਾਂ ਦੇ ਨਿਯਮਤ ਤੌਰ 'ਤੇ ਪੱਤਰਕਾਰੀ ਕਰਨ ਤੱਕ ਸੀਮਤ ਹੁੰਦੀ ਤਾਂ ਸਮਝ ਵਿੱਚ ਆਉਂਦੀ ਸੀ, ਪਰ ਪੱਤਰ ਅਧਿਆਪਕਾਂ ਨੂੰ ਆਰਟੀਕਲ ਛਪਵਾਉਣ ਤੋਂ ਲੈ ਕੇ ਪੁਸਤਕਾਂ ਛਪਵਾਉਣ ਤੋਂ ਵੀ ਸਪੱਸ਼ਟ ਤੌਰ 'ਤੇ ਵਰਜਦਾ ਹੈ। ਅਧਿਆਪਕਾਂ ਦੀ ਪ੍ਰਿੰਟ ਮੀਡੀਆ ਦੇ ਨਾਲ ਇਲੈਕਟ੍ਰਨਿਕ ਮੀਡੀਆ 'ਚ ਵੀ ਹਰ ਕਿਸਮ ਦੀ ਭਾਗੀਦਾਰ 'ਤੇ ਵਿਭਾਗ ਨੂੰ ਸਖਤ ਇਤਰਾਜ਼ ਹੈ। ਵਿਭਾਗ ਦਾ ਕਹਿਣਾ ਹੈ ਕਿ ਕੋਈ ਵੀ ਸਰਕਾਰੀ ਕਰਮਚਾਰੀ ਨਿਰਧਾਰਤ ਅਥਾਰਿਟੀ ਦੀ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਆਪਣੀ ਡਿਊਟੀ ਨਿਭਾਉਣ ਤੋਂ ਇਲਾਵਾ ਰੇਡਿਓ ਪ੍ਰਸਾਰਨ ਵਿੱਚ ਹਿੱਸਾ ਨਹੀਂ ਲੈ ਸਕਦਾ ਜਾਂ ਲੇਖ ਦਾ ਯੋਗਦਾਨ ਨਹੀਂ ਦੇ ਸਕਦੇ। ਵਿਭਾਗ ਨੇ ਪੱਤਰ 'ਚ ਇਹ ਦੱਸਣ ਦੀ ਜ਼ਰੂਰਤ ਨਹੀਂ ਸਮਝੀ ਕਿ ਅਧਿਆਪਕ ਨੂੰ ਆਰਟੀਕਲ ਲਿਖਣ ਜਾਂ ਪੱਤਰਕਾਰੀ ਕਰਨ ਦੀ ਮਨਜ਼ੂਰੀ ਦੇਣ ਵਾਲਾ ਸਮਰੱਥਾ ਅਧਿਕਾਰੀ ਹੈ ਕੌਣ?

ਚਾਹੀਦਾ ਇਹ ਸੀ ਕਿ ਪੱਤਰ ਵਿੱਚ ਸਪੱਸ਼ਟ ਕੀਤਾ ਜਾਂਦਾ ਕਿ ਪੱਤਰਕਾਰੀ ਕਰਨ ਜਾਂ ਆਰਟੀਕਲ ਸਮੇਤ ਮੀਡੀਆ 'ਚ ਹੋਰ ਯੋਗਦਾਨ ਪਾਉਣ ਦੇ ਇਛੁਕ ਸਰਕਾਰੀ ਅਧਿਆਪਕ ਕਿਸ ਅਧਿਕਾਰੀ ਕੋਲੋ ਮਨਜ਼ੂਰੀ ਮੰਗਣ। ਵਿਭਾਗ ਦੀ ਹੋਰ ਕਮਾਲ ਵੇਖੋ ਕਿ ਜੇ ਅਧਿਆਪਕ ਦੀ ਮੀਡੀਆ 'ਚ ਯੋਗਦਾਨ ਸਾਹਿਤਕ ਹੈ ਤਾਂ ਉਸਨੂੰ ਮਨਜ਼ੂਰੀ ਲੈਣ ਦੀ ਕੋਈ ਜ਼ਰੂਰਤ ਨਹੀਂ। ਇੱਥੇ ਵੀ ਵਿਭਾਗ ਨੇ ਸਪੱਸ਼ਟ ਨਹੀਂ ਕੀਤਾ ਕਿ ਵਿਭਾਗ ਦੀ ਨਜ਼ਰ 'ਚ ਸਾਹਿਤਕ ਕਿਰਤ ਕਿਹੜੀ ਹੈ? ਜਾਪਦਾ ਹੈ ਕਿ ਵਿਭਾਗ ਸਾਹਿਤ ਦੀ ਪਰਿਭਾਸ਼ਾ ਵੀ ਆਪਣੇ ਮੁਤਾਬਕ ਤੈਅ ਕਰੇਗਾ।

ਅਧਿਆਪਕ ਵਰਗ ਦੀਆਂ ਸਾਹਿਤਕ ਰੁਚੀਆਂ ਨੂੰ ਕੁਚਲਣ ਅਤੇ ਵਿਚਾਰਾਂ ਦੀ ਆਜ਼ਾਦੀ 'ਤੇ ਪਾਬੰਦੀ ਦੀ ਕੋਸ਼ਿਸ਼ ਬਿਲਕੁਲ ਹੀ ਸਮਝ ਤੋਂ ਬਾਹਰ ਹੈ। ਵਿਭਾਗ ਦਾ ਇਤਰਾਜ਼ ਸਿਰਫ ਇਸ ਗੱਲ 'ਤੇ ਹੋ ਸਕਦਾ ਹੈ ਕਿ ਅਧਿਆਪਕ ਡਿਊਟੀ ਸਮੇਂ ਦੌਰਾਨ ਬਿਨ੍ਹਾਂ ਛੁੱਟੀ ਲਏ ਪੱਤਰਕਾਰੀ ਕਰਦੇ ਹਨ ਜਾਂ ਸਾਹਿਤਕ ਗਤੀਵਿਧੀਆਂ 'ਚ ਸ਼ਾਮਲ ਕਿਉਂ ਹੁੰਦੇ ਹਨ? ਜਿੱਥੇ ਤੱਕ ਦੇਸ਼ ਜਾਂ ਸਮਾਜ ਵਿਰੋਧੀ ਲਿਖ਼ਤ ਦਾ ਸਵਾਲ ਹੈ ਉਸ ਦੀ ਇਜਾਜ਼ਤ ਕਿਸੇ ਨੂੰ ਵੀ ਨਹੀਂ ਦਿੱਤੀ ਜਾ ਸਕਦੀ ਬੇਸ਼ੱਕ ਲੇਖਕ ਸਰਕਾਰੀ ਕਰਮਚਾਰੀ ਹੋਵੇ ਜਾਂ ਨਾਂ। ਜੇ ਕੋਈ ਅਧਿਆਪਕ ਦੇਸ਼ ਵਿਰੋਧੀ ਲਿਖਤਾਂ ਲਿਖਦਾ ਹੈ ਤਾਂ ਵਿਭਾਗ ਨੂੰ ਬਿਨ੍ਹਾਂ ਦੇਰੀ ਕਾਰਵਾਈ ਕਰਨੀ ਚਾਹੀਦੀ ਹੈ। ਹੈਰਾਨੀ ਦੀ ਗੱਲ ਹੈ ਕਿ ਬੋਲ ਕੇ ਵਿਚਾਰ ਪ੍ਰਗਟਾਉਣ ਦੇ ਅਧਿਕਾਰ 'ਤੇ ਵਿਭਾਗ ਨੂੰ ਕੋਈ ਇਤਰਾਜ਼ ਨਹੀਂ, ਪਰ ਲਿਖ ਕੇ ਵਿਚਾਰ ਪ੍ਰਗਟਾਉਣਾ ਵਿਭਾਗ ਨੂੰ ਗੁਨਾਹ ਜਾਪਦਾ ਹੈ।

ਸਾਡੇ ਸਮਾਜ 'ਚ ਹਜ਼ਾਰਾਂ ਅਜਿਹੇ ਸਾਹਿਤਕਾਰ ਹੋਣਗੇ ਜਿਨ੍ਹਾਂ ਆਪਣੇ ਅਧਿਆਪਕਾਂ ਤੋਂ ਪ੍ਰੇਰਨਾ ਲੈ ਕੇ ਲਿਖਣਾ ਸ਼ੁਰੂ ਕੀਤਾ ਹੋਵੇਗਾ ਪਰ ਜੇ ਅਧਿਆਪਕ ਦਾ ਲਿਖਣਾ ਹੀ ਗੁਨਾਹ ਬਣ ਜਾਵੇ ਤਾਂ ਉਹ ਆਪਣੇ ਵਿਦਿਆਰਥੀਆਂ ਨੂੰ ਸਾਹਿਤ ਵੱਲ ਤੋਰਨ ਦੀ ਕੀ ਭੂਮਿਕਾ ਨਿਭਾਏਗਾ? ਪੱਤਰ ਵਿੱਚ ਬੜੇ ਮਾਣ ਨਾਲ ਕਿਹਾ ਗਿਆ ਕਿ ਜੇਕਰ ਕੋਈ ਅਧਿਆਪਕ ਲਿਖਣ ਦੀ ਕਾਰਵਾਈ ਕਰਦਾ ਹੈ ਤਾਂ ਉਸਦੀ ਸੂਚਨਾ ਤੁਰੰਤ ਕਾਰਵਾਈ ਲਈ ਵਿਭਾਗ ਨੂੰ ਭੇਜੀ ਜਾਵੇ।

ਸ਼ਾਇਦ ਵਿਭਾਗ ਨੇ ਸਾਹਿਤ ਦੀ ਤਾਕਤ ਨੂੰ ਵੀ ਪੂਰੀ ਤਰ੍ਹਾਂ ਅਣਗੌਲਿਆ ਕੀਤਾ ਹੈ। ਸਾਹਿਤ ਵਿੱਚ ਇੱਕ ਭਟਕੇ, ਨਿਰਾਸ਼ ਅਤੇ ਬਲਹੀਣ ਇਨਸਾਨ ਨੂੰ ਸਹੀ ਮਾਰਗ ਦਰਸਾਉਣ ਦੀ ਸਮਰੱਥਾ ਹੁੰਦੀ ਹੈ। ਉਸਾਰੂ ਸਾਹਿਤ ਲਈ ਖਤਰਾ ਨਹੀਂ ਬਣ ਸਕਦਾ। ਪੱਤਰ ਅਨੁਸਾਰ ਤਾਂ ਸਰਕਾਰੀ ਅਧਿਆਪਕ ਬਣਨਾ ਹੀ ਗੁਨਾਹ ਬਣ ਗਿਆ ਹੈ ਕਿਉਂਕਿ ਅਧਿਆਪਕ ਬਣ ਕੇ ਤੁਸੀਂ ਆਪਣੇ ਵਿਚਾਰਾਂ ਨੂੰ ਲਿਖ ਕੇ ਪ੍ਰਗਟਾਉਣ ਦਾ ਸੰਵਿਧਾਨਕ ਹੱਕ ਗੁਆ ਬੈਠੋਗੇ। ਸਮਝ ਤੋਂ ਬਾਹਰ ਹੈ ਕਿ ਜੇਕਰ ਕੋਈ ਅਧਿਆਪਕ ਬਿਨ੍ਹਾਂ ਆਪਣੀ ਡਿਊਟੀ 'ਚ ਵਿਘਨ ਪਾਏ ਸਾਹਿਤ ਸਿਰਜਣਾ ਕਰਦਾ ਹੈ ਤਾਂ ਵਿਭਾਗ ਨੂੰ ਕੀ ਇਤਰਾਜ਼ ਹੈ? ਜੇ ਪੜ੍ਹਿਆ ਲਿਖਿਆ ਵਰਗ ਬਿਨ੍ਹਾਂ ਆਪਣੀ ਡਿਊਟੀ 'ਚ ਵਿਘਨ ਪਾਏ ਪੱਤਰਕਾਰੀ ਕਰਦਾ ਹੈ ਤਾਂ ਕੀ ਹਰਜ਼ ਹੈ? ਹਾਂ ਅਜਿਹਾ ਕਰਦਿਆਂ ਉਸ ਨੂੰ ਮੀਡੀਆ ਪ੍ਰਭਾਵ ਦੀ ਦੁਰਵਰਤੋਂ ਦਾ ਅਧਿਕਾਰ ਕਿਸੇ ਵੀ ਕੀਮਤ ਤੇ ਨਹੀਂ ਮਿਲਣਾ ਚਾਹੀਦਾ।

ਖੁਦ ਸਾਹਿਤਕ ਰੁਚੀਆਂ ਤੋਂ ਸੱਖਣਾ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਕਿਵੇਂ ਪੁਸਤਕਾਂ ਪੜ੍ਹਨ ਲਈ ਪ੍ਰੇਰਿਤ ਕਰੇਗਾ? ਕਿਵੇਂ ਲਾਇਬ੍ਰੇਰੀ ਨਾਲ ਜੋੜੇਗਾ? ਇਹ ਅੰਦਾਜ਼ਾ ਲਾਉਣਾ ਮੁਸ਼ਕਲ ਹੈ। ਵਿਚਾਰਾਂ ਨੂੰ ਅੰਦਰੇ ਅੰਦਰ ਦਬਾ ਕੇ ਜੀਉਣ ਵਾਲਾ ਵਿਅਕਤੀ ਕਿੱਦਾਂ ਦੀ ਸ਼ਖ਼ਸੀਅਤ ਵਾਲਾ ਅਧਿਆਪਕ ਬਣੇਗਾ? ਇਹ ਅੰਦਾਜ਼ਾ ਲਾਉਣਾ ਵੀ ਮੁਸ਼ਕਲ ਨਹੀਂ। ਭਲਾ ਖੁਦ ਦੇ ਵਿਚਾਰਾਂ ਦੇ ਪ੍ਰਗਟਾਅ ਲਈ ਗੁਲਾਮ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਸੱਚ ਅਤੇ ਇਨਸਾਫ ਦੇ ਹੱਕ 'ਚ ਅਤੇ ਅਨਿਆਂ ਖਿਲਾਫ ਵਿਚਾਰ ਪ੍ਰਗਟਾਉਣ ਦਾ ਕੀ ਸੰਦੇਸ਼ ਦੇਵੇਗਾ? ਕੀ ਅਸੀ ਗੁਲਾਮ ਅਧਿਆਪਕਾਂ ਰਾਹੀਂ ਗੁਲਾਮ ਨਸਲਾਂ ਪੈਦਾ ਕਰਨੀਆਂ ਚਾਹੁੰਦੇ ਹਾਂ। ਵਿਕਸਤ ਮੁਲਕਾਂ ਦੇ ਪੈਰ 'ਚ ਪੈਰ ਧਰਨ ਦੀ ਕੋਸ਼ਿਸ਼ ਕਰਦੇ ਭਾਰਤ 'ਚ ਅਜਿਹੀਆਂ ਪਾਬੰਦੀਆਂ ਸ਼ੋਭਦੀਆਂ ਨਹੀਂ । ਗੁਲਾਮ ਅਤੇ ਬੰਧਕ ਬਣਾਉਣ ਦੀਆਂ ਅਜਿਹੀਆਂ ਕਾਰਵਾਈਆਂ ਤਾਂ ਕਿਸੇ ਸਮਾਜ ਦੇ ਮੱਥੇ ਦਾ ਕਲੰਕ ਹੋਇਆ ਕਰਦੀਆਂ ਹਨ। ਵਿਭਾਗ ਨੂੰ ਇਸ ਪੱਤਰ 'ਤੇ ਪੁਨਰ ਵਿਚਾਰ ਕਰਕੇ ਅਧਿਆਪਕਾਂ ਨੂੰ ਲਿਖ ਕੇ ਵਿਚਾਰਾਂ ਦੇ ਪ੍ਰਗਟਾਅ ਦੀ ਆਜ਼ਾਦੀ ਦਾ ਹੱਕ ਦੇਣਾ ਚਾਹੀਦਾ ਹੈ। ਅਧਿਆਪਕਾਂ 'ਤੇ ਅਜਿਹੀਆਂ ਪਾਬੰਦੀਆਂ ਦੇ ਚਲਦਿਆਂ ਵਿਭਾਗ ਨੂੰ ਬਾਲ ਮਨਾਂ 'ਚ ਸਾਹਿਤਕ ਚੇਟਕ ਜਗਾਉਣ ਦੀਆਂ ਗੱਲਾਂ ਸ਼ੋਭਾਂ ਨਹੀਂ ਦੇਣਗੀਆਂ।

## ਹਲਕਾ ਫੁਲਕਾ

ਸੇਲਜ਼ਮੈਨ ਨੇ ਇੱਕ ਘਰ ਦੀ ਡੋਰ ਬੈਲ ਵਜਾਈ ਤਾਂ ਇੱਕ ਔਰਤ ਨੇ ਦਰਵਾਜ਼ਾ ਖੋਲ੍ਹਿਆ।

ਸੇਲਜ਼ਮੈਨ, ''ਮੈਡਮ, ਮੇਰੇ ਕੋਲ ਅਜਿਹੀ ਕਿਤਾਬ ਹੈ, ਜਿਸ ਵਿੱਚ ਪਤੀ ਦੇ ਦੇਰ ਰਾਤ ਤੱਕ ਘਰੋਂ ਬਾਹਰ ਰਹਿਣ ਦੇ 100 ਬਹਾਨੇ ਦੱਸੇ ਗਏ ਹਨ, ਕੀ ਤੁਸੀਂ ਇਹ ਕਿਤਾਬ ਖਰੀਦਣੀ ਚਾਹੁੰਦੇ ਹੋ?''

ਔਰਤ, ''ਮੈਂ ਇਹ ਕਿਤਾਬ ਖਰੀਦ ਲਵਾਂਗੀ, ਪਰ ਇਹ ਕਿੰਨੇ ਲੋਕ ਖਰੀਦ ਰਹੇ ਨੇ?''

ਸੇਲਜ਼ਮੈਨ, ''ਇਸ ਕਿਤਾਬ ਦੀ ਇੱਕ ਕਾਪੀ ਅੱਜ ਸਵੇਰੇ ਹੀ ਮੈਂ ਤੁਹਾਡੇ ਪਤੀ ਨੂੰ ਵੇਚੀ ਹੈ।''

*********

ਰਾਜੂ, ''ਮੇਰਾ ਸ਼ਰਾਬ ਪੀਣਾ ਸਫਲ ਹੋ ਗਿਆ।''

ਮੋਨੂੰ, ''ਕਿਉਂ ਕੀ ਹੋਇਆ?''

ਰਾਜੂ, ''ਅੱਜ ਦੋ ਬੱਚਿਆਂ ਨੇ ਆ ਕੇ ਕਿਹਾ, ਅੰਕਲ, ਖਾਲੀ ਬੋਤਲ ਦੇ ਦਿਓ ਨਾ, ਪਟਾਕੇ ਚਲਾਉਣੇ ਆ।''

*********

ਮਰੀਜ਼ (ਆਪਰੇਸ਼ਨ ਤੋਂ ਬਾਅਦ ਹੋਸ਼ ਆਉਣ 'ਤੇ), ''ਚੱਲੋ, ਚੰਗਾ ਹੋਇਆ ਆਪ੍ਰੇਸ਼ਨ ਤੋਂ ਤਾਂ ਛੁੱਟੀ ਮਿਲੀ।''

ਦੂਸਰਾ (ਮਰੀਜ਼), ''ਅਜੇ ਸ਼ੁਕਰ ਨਾ ਮਨਾਓ। ਡਾਕਟਰ ਨੇ ਮੇਰੇ ਪੇਟ ਵਿੱਚ ਕੈਂਚੀ ਛਡ ਦਿੱਤੀ ਸੀ। ਉਸ ਨੂੰ ਕੱਢਣ ਲਈ ਦੁਬਾਰਾ ਆਪ੍ਰੇਸ਼ਨ ਕਰਨਾ ਪਿਆ ਸੀ।''

ਤੀਸਰਾ ਮਰੀਜ਼, ''ਭਰਾਵਾ, ਮੇਰਾ ਪੇਟ ਵੀ ਦੋ ਵਾਰ ਚੀਰਿਆ ਗਿਆ, ਕਿਉਂਕਿ ਉਸ ਵਿੱਚ ਡਾਕਟਰ ਦਾ ਤੌਲੀਆ ਰਹਿ ਗਿਆ ਸੀ।''

ਉਦੋਂ ਹੀ ਡਾਕਟਰ ਬੁੜਬੁੜਾਉਂਦਾ ਹੋਇਆ ਉਥੇ ਪਹੁੰਚਿਆ ਅਤੇ ਰੌਲਾ ਪਾਉਣ ਲੱਗਾ, ''ਓ ਭਾਈ, ਕਿਸੇ ਨੇ ਮੇਰਾ ਹੈਟ ਦੇਖਿਆ ਹੈ?''

ਪਹਿਲਾ ਮਰੀਜ਼ ਇਹ ਸੁਣ ਕੇ ਬੇਹੋਸ਼ ਹੋ ਗਿਆ।

# ਪੰਚਾਇਤਾਂ ਤੋਂ ਸ਼ਾਮਲਾਟ ਜ਼ਮੀਨਾਂ ਖ਼ਰੀਦ ਕੇ ਪੰਜਾਬ ਸਰਕਾਰ ਲੈਂਡ ਬੈਂਕ ਬਣਾਉਣ ਲੱਗੀ


ਕੈਬਨਿਟ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਮੁੱਖ ਮੰਤਰੀ ਕੈ: ਅਮਰਿੰਦਰ ਸਿੰਘ।

ਚੰਡੀਗੜ੍ਹ, 2 ਦਸੰਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਮੰਤਰੀ ਮੰਡਲ ਨੇ ਸਨਅਤੀ ਵਿਕਾਸ ਨੂੰ ਹੱਲਾਸ਼ੇਰੀ ਦੇਣ ਲਈ ਦਿਹਾਤੀ ਖੇਤਰਾਂ ਵਿੱਚ ਲੈਂਡ ਬੈਂਕ ਬਣਾਉਣ ਲਈ 'ਪੰਜਾਬ ਵਿਲੇਜ ਕਾਮਨ ਲੈਂਡ (ਰੈਗੂਲੇਸ਼ਨ) ਰੂਲਜ਼ 1964' ਵਿੱਚ ਸੋਧ ਕਰਨ ਦੀ ਸਿਧਾਂਤਕ ਮਨਜ਼ੂਰੀ ਦਿੱਤੀ ਹੈ। ਇਹ ਯਕੀਨੀ ਬਣਾਉਣ ਦਾ ਫ਼ੈਸਲਾ ਲਿਆ ਗਿਆ ਕਿ ਸੋਧਾਂ ਨੂੰ ਹੋਰ ਬਿਹਤਰ ਬਣਾਇਆ ਜਾਵੇ ਤਾਂ ਜੋ ਪੰਚਾਇਤਾਂ ਆਪਣਾ ਬਕਾਇਆ ਪ੍ਰਾਪਤ ਕਰ ਲੈਣ। ਜ਼ਮੀਨ ਐਕਵਾਇਰ ਵਿੱਚ ਪੰਚਾਇਤੀ ਹਿੱਤਾਂ ਨੂੰ ਵੀ ਧਿਆਨ ਵਿੱਚ ਰੱਖਿਆ ਜਾਵੇਗਾ।

ਇਸ ਸੰਬੰਧ ਵਿੱਚ ਮਹੱਤਵ ਪੂਰਨ ਇਹ ਹੈ ਕਿ ਇਹ ਪਹਿਲਾ ਅਜਿਹਾ ਮੌਕਾ ਨਹੀਂ, ਜਦੋਂ ਸਰਕਾਰ ਨੇ ਲੈਂਡ ਬੈਂਕ ਬਣਾਉਣ ਲਈ ਸ਼ਾਮਲਾਟ ਜ਼ਮੀਨਾਂ ਖਰੀਦਣ ਦੀ ਯੋਜਨਾ ਬਣਾਈ ਹੈ। ਇਸ ਤੋਂ ਪਹਿਲਾਂ ਅਕਾਲੀ ਸਰਕਾਰ ਦੌਰਾਨ ਵੀ ਇਹ ਫ਼ੈਸਲਾ ਲਿਆ ਗਿਆ ਸੀ, ਪਰ ਪੰਚਾਇਤਾਂ ਜ਼ਮੀਨ ਦੇਣ ਲਈ ਤਿਆਰ ਨਹੀਂ ਸਨ। ਕਈ ਪੇਚੀਦਗੀਆਂ ਕਾਰਨ ਸਰਕਾਰ ਨੇ ਉਦੋਂ ਇਸ ਫ਼ੈਸਲੇ ਤੋਂ ਪੱਲਾ ਝਾੜ ਲਿਆ ਸੀ।

ਅੱਜ ਮੰਤਰੀ ਮੰਡਲ ਨੇ ਸਨਅਤੀ ਵਿਕਾਸ ਪ੍ਰੋਜੈਕਟਾਂ ਦੇ ਵਿਕਾਸ ਲਈ ਸ਼ਾਮਲਾਟ ਜ਼ਮੀਨਾਂ ਦੇ ਤਬਾਦਲੇ ਕਰਨ ਲਈ ਵਿਸ਼ੇਸ਼ ਪ੍ਰਬੰਧ ਕਰਨ ਵਾਸਤੇ 'ਪੰਜਾਬ ਵਿਲੇਜ ਕੌਮਨ ਲੈਂਡਜ਼ (ਰੈਗੂਲੇਸ਼ਨ) ਰੂਲਜ਼ 1964' ਵਿੱਚ ਨਿਯਮ 12-ਬੀ ਦੀ ਸੋਧ ਕਰਨ ਲਈ ਦਿਹਾਤੀ ਵਿਕਾਸ ਤੇ ਪੰਚਾਇਤ ਵਿਭਾਗ ਦੀ ਤਜਵੀਜ਼ ਮਨਜ਼ੂਰ ਕਰ ਲਈ ਹੈ, ਜਿਸ ਨੂੰ ਸਨਅਤ ਵਿਭਾਗ ਅਤੇ ਪੰਜਾਬ ਲਘੂ ਉਦਯੋਗ ਤੇ ਐਕਸਪੋਰਟ ਨਿਗਮ ਵੱਲੋਂ ਲਾਗੂ ਕੀਤਾ ਜਾਵੇਗਾ। ਇਹ ਫ਼ੈਸਲਾ 5-6 ਦਸੰਬਰ ਨੂੰ ਪੰਜਾਬ ਸਰਕਾਰ ਵੱਲੋਂ ਨਿਵੇਸ਼ ਸੰਮੇਲਨ ਕਰਾਉਣ ਤੋਂ ਪਹਿਲਾਂ ਲਿਆ ਗਿਆ ਹੈ। ਇਸ ਨਵੀਂ ਸੋਧ ਦਾ ਉਦੇਸ਼ ਗ੍ਰਾਮ ਪੰਚਾਇਤਾਂ ਨੂੰ ਸ਼ਾਮਲਾਟ ਜ਼ਮੀਨਾਂ ਦੇ ਮੁੱਲ ਖੋਲ੍ਹ ਕੇ ਪਿੰਡਾਂ ਦੇ ਵਿਕਾਸ ਨੂੰ ਹੱਲਾਸ਼ੇਰੀ ਦੇਣਾ ਹੈ। ਕੈਬਨਿਟ ਨੇ ਸਨਅਤੀ ਵਿਕਾਸ ਪ੍ਰੋਜੈਕਟਾਂ ਦੇ ਵਿਕਾਸ ਲਈ ਗ੍ਰਾਮ ਪੰਚਾਇਤ ਜ਼ਮੀਨਾਂ ਦਾ ਤਬਾਦਲਾ ਕਰਨ ਲਈ ਮਨਜ਼ੂਰੀ ਦੇਣ ਦੇ ਤਰੀਕੇ ਨੂੰ ਵੀ ਮਨਜ਼ੂਰੀ ਦੇ ਦਿੱਤੀ ਗਈ। ਸਨਅਤ ਵਿਭਾਗ ਨੇ ਕੋਰ ਤੇ ਸਹਾਇਕ ਬੁਨਿਆਦੀ ਢਾਂਚੇ ਸਮੇਤ ਮਜ਼ਬੂਤ ਮੁੱਢਲੇ ਢਾਂਚਾ ਵਿਕਸਤ ਕਰਨ ਲਈ ਨਿਯਮ 12-ਏ ਵਿੱਚ ਸੋਧ ਦਾ ਪ੍ਰਸਤਾਵ ਦਿੱਤਾ ਸੀ, ਜੋ ਸਨਅਤੀ ਵਿਕਾਸ ਲਈ ਉਦਯੋਗਾਂ ਨੂੰ ਲੰਬੇ ਸਮੇਂ ਦੇ ਲਾਭ ਦੇਵੇਗਾ।

# ਮੂਲ ਮੰਤਰ ਦੀ ਮਰਿਆਦਾ ਬਾਰੇ ਸੰਤ ਸਮਾਜ ਅਤੇ ਸ਼੍ਰੋਮਣੀ ਕਮੇਟੀ ਦਾ ਟਕਰਾਅ ਜ਼ਾਹਰ

ਕਪੂਰਥਲਾ, 2 ਦਸੰਬਰ (ਪੋਸਟ ਬਿਊਰੋ)- ਸ੍ਰੀ ਗੁਰੂ ਨਾਨਕ ਦੇਵ ਜੀ ਦੇ ਉਚਾਰਨ ਕੀਤੇ ਮੂਲ ਮੰਤਰ ਦੀ ਮਰਿਆਦਾ ਬਾਰੇ ਇੱਕ ਨਵਾਂ ਵਿਵਾਦ ਸਾਹਮਣੇ ਆਇਆ ਹੈ। ਸ੍ਰੀ ਅਕਾਲ ਤਖਤ ਸਾਹਿਬ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਵਾਨਤ ਮੂਲ ਮੰਤਰ ਦੀ ਜਗ੍ਹਾ ਸੰਤ ਸਮਾਜ ਦੇ ਆਪਣੀ ਮਰਿਆਦਾ ਵਾਲੇ ਮੂਲ ਮੰਤਰ ਬਾਰੇ ਐਸ ਜੀ ਪੀ ਸੀ ਅਤੇ ਸੰਤ ਸਮਾਜ ਆਹਮੋ-ਸਾਹਮਣੇ ਆ ਗਏ ਸਮਝੇ ਜਾਣ ਲੱਗ ਪਏ ਹਨ। ਪਤਾ ਲੱਗਾ ਹੈ ਕਿ ਇਸ ਵਿਵਾਦ ਦੀ ਸ਼ੁਰੂਆਤ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸ਼ਤਾਬਦੀ ਸਮਾਰੋਹ ਸ਼ੁਰੂ ਹੋਣ ਤੋਂ ਪਹਿਲਾਂ ਹੋ ਗਈ, ਪਰ 10 ਨਵੰਬਰ ਦੀ ਰਾਤ ਵਿਵਾਦ ਨੇ ਤੂਲ ਫੜ ਲਿਆ। ਸੰਤ ਸਮਾਜ ਦੇ ਬਾਬਾ ਸੁਖਦੇਵ ਸਿੰਘ ਦੀ ਅਗਵਾਈ ਵਿੱਚ ਸ਼੍ਰੋਮਣੀ ਕਮੇਟੀ (ਐਸ ਜੀ ਪੀ ਸੀ) ਦੇ ਮੈਂਬਰ ਅਵਤਾਰ ਸਿੰਘ ਬਣਾਂਵਾਲਾ, ਅਮਰਜੀਤ ਸਿੰਘ ਚਾਵਲਾ ਤੇ ਇਕ ਹੋਰ ਨੇ 100 ਤੋਂ ਵੱਧ ਲੋਕਾਂ ਨਾਲ ਆ ਕੇ ਸੋਨੇ ਦੀ ਪਰਤ ਚੜ੍ਹੀ ਇੱਕ ਸ਼ੀਟ ਅੱਧੀ ਰਾਤ ਨੂੰ ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਪਾਲਕੀ 'ਚ ਲਾ ਦਿੱਤੀ ਸੀ। ਸੰਤ ਸਮਾਜ ਨੇ ਸੋਨੇ ਦੀ ਪਰਤ ਚੜ੍ਹੀ ਸ਼ੀਟ ਅਕਾਲ ਤਖਤ ਉੱਤੇ ਮੂਲ ਮੰਤਰ ਐਸ ਜੀ ਪੀ ਸੀ ਦੀ ਮੀਰੀਆਦਾ ਦੇ ਉਲਟ ਲਿਖ ਕੇ ਲਾਇਆ ਸੀ। ਇਸ 'ਤੇ 'ਨਾਨਕ ਹੋਸੀ ਭੀ ਸਚੁ' ਤੱਕ ਮੂਲ ਮੰਤਰ ਅੰਕਿਤ ਸੀ, ਜਦ ਕਿ ਐਸ ਜੀ ਪੀ ਸੀ ਅਤੇ ਅਕਾਲ ਤਖਤ ਸਾਹਿਬ ਦੀ ਮਰਿਆਦਾ ਮੁਤਾਬਕ 'ਗੁਰ ਪ੍ਰਸਾਦਿ' ਤੱਕ ਮਲ ਮੰਤਰ ਪ੍ਰਵਾਨਿਤ ਹੈ। ਐਸ ਜੀ ਪੀ ਸੀ ਦੀ ਮਰਿਆਦਾ ਦੇ ਉਲਟ ਗੁਰਦੁਆਰਾ ਬੇਰ ਸਾਹਿਬ 'ਚ ਅੱਧੀ ਰਾਤ ਲਾਈ ਇਸ ਸ਼ੀਟ ਬਾਰੇ ਮੈਨੇਜਰ ਸਤਨਾਮ ਸਿੰਘ ਰਿਆੜ ਨੇ ਅੱਧੀ ਰਾਤ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੇ ਹੋਰ ਸੀਨੀਅਰ ਅਹੁਦੇਦਾਰਾਂ ਨੂੰ ਫੋਨ ਕੀਤੇ, ਪਰ ਕਿਸੇ ਨੇ ਉਨ੍ਹਾਂ ਦਾ ਫੋਨ ਨਹੀਂ ਚੁੱਕਿਆ। ਇਸ ਪਿੱਛੋਂ ਮੈਨੇਜਰ ਨੇ ਐਸ ਜੀ ਪੀ ਸੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਫੋਨ ਕੀਤਾ ਅਤੇ ਇਸ ਸਥਿਤੀ ਬਾਰੇ ਦੱਸਿਆ। ਬੀਬੀ ਜਗੀਰ ਕੌਰ ਨੇ ਰਾਤ ਨੂੰ ਹੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਗੱਲ ਕੀਤੀ। ਅੱਗੇ ਇਹ ਗੱਲ ਐਸ ਜੀ ਪੀ ਸੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਤੱਕ ਗਈ। ਲੌਂਗੋਵਾਲ ਨੇ ਮੈਨੇਜਰ ਨੂੰ ਸੋਨੇ ਦੀ ਪਰਤ ਚੜ੍ਹੀ ਸ਼ੀਟ ਉਤਾਰ ਕੇ ਖਜ਼ਾਨੇ 'ਚ ਜਮ੍ਹਾਂ ਕਰਨ ਦੇ ਨਿਰਦੇਸ਼ ਦਿੱਤੇ। ਬਾਅਦ ਵਿੱਚ ਐਸ ਜੀ ਪੀ ਸੀ ਨੇ ਇਸ ਸ਼ੀਟਾਂ ਦੀ ਜਾਂਚ ਕਰਵਾਈ ਤਾਂ ਪਾਇਆ ਕਿ ਇਹ ਸੋਨਾ ਨਹੀਂ, ਹੋਰ ਧਾਤੂ 'ਤੇ ਸੋਨੇ ਦੀ ਪਰਤ ਚੜ੍ਹਾਈ ਗਈ ਹੈ। ਇਸ ਦੇ ਬਾਅਦ ਇੱਕ ਪਾਸੇ ਸੋਨੇ ਦੇ ਨਕਲੀ ਹੋਣ ਅਤੇ ਦੂਸਰੇ ਪਾਸੇ ਮੂਲ ਮੰਤਰ ਦਾ ਵਿਵਾਦ ਭਖ ਪਿਆ ਹੈ।

## ਧਰਮੀ ਫੌਜੀਆਂ ਨੂੰ ਵੀ ਪੈਨਸ਼ਨ ਦਿਓ, ਜਾਂ ਬਾਦਲ ਦੀ ਪੈਨਸ਼ਨ ਬੰਦ ਕਰੋ : ਨਿਰਪ੍ਰੀਤ ਕੌਰ

ਚੰਡੀਗੜ੍ਹ, 2 ਦਸੰਬਰ (ਪੋਸਟ ਬਿਊਰੋ)- ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਉੱਤੇ ਹੋਏ ਆਪਰੇਸ਼ਨ ਬਲਿਊ ਸਟਾਰ ਦੇ ਗੁੱਸੇ ਵਿੱਚ ਫੌਜੀ ਬੈਰਕਾਂ ਛੱਡ ਕੇ ਆਏ ਸਿੱਖ ਫੌਜੀਆਂ ਨੂੰ ਪੰਜਾਬ ਸਰਕਾਰ ਵੱਲੋਂ ਸਾਬਕਾ ਫੌਜੀ ਦੇ ਤੌਰ ਉੱਤੇ ਮਾਨਤਾ ਦੇਣ ਦੀ ਮੰਗ ਕੀਤੀ ਗਈ ਹੈ। ਇਹ ਮੰਗ 1984 ਦੇ ਦਿੱਲੀ ਸਿੱਖ ਕਤਲੇਆਮ ਦੇ ਕੇਸ ਲੜ ਰਹੀ ਜਸਟਿਸ ਫਾਰ ਵਿਕਟਿਮਜ਼ ਸੰਸਥਾ ਦੀ ਚੇਅਰਪਰਸਨ ਨਿਰਪ੍ਰੀਤ ਕੌਰ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖੇ ਪੱਤਰ ਦੇ ਰਾਹੀਂ ਪੇਸ਼ ਕੀਤੀ ਹੈ। ਨਿਰਪ੍ਰੀਤ ਕੌਰ ਨੇ ਪ੍ਰਧਾਨ ਮੰਤਰੀ ਨੂੰ ਸੁਝਾਅ ਦਿੱਤਾ ਹੈ ਕਿ ਜੇ ਸਰਕਾਰ ਧਰਮੀ ਫੌਜੀਆਂ ਨੂੰ ਉਨ੍ਹਾਂ ਦਾ ਹੱਕ ਨਹੀਂ ਦੇ ਸਕਦੀ ਤਾਂ ਇਸ ਬਗਵਤ ਲਈ ਇਨ੍ਹਾਂ ਨੂੰ ਉਕਸਾਉਣ ਵਾਲੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸਰਕਾਰੀ ਖਜ਼ਾਨੇ ਤੋਂ ਮਿਲਦੀ ਪੈਨਸ਼ਨ ਆਦਿ ਸਹੂਲਤ ਵੀ ਸਰਕਾਰ ਬੰਦ ਕਰ ਦੇਵੇ।

ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੂੰ ਭੇਜੇ ਇਸ ਪੱਤਰ ਵਿੱਚ ਨਿਰਪ੍ਰੀਤ ਕੌਰ ਨੇ ਦਾਅਵਾ ਕੀਤਾ ਕਿ ਬੈਰਕਾਂ ਨੂੰ ਛੱਡਣ ਪਿੱਛੋਂ ਇਨ੍ਹਾਂ ਫੌਜੀਆਂ ਵਿੱਚੋਂ ਕਈ ਲੋਕ ਸਰਕਾਰੀ ਤੰਤਰ ਨਾਲ ਟਕਰਾਅ ਦੇ ਦੌਰਾਨ ਮਾਰੇ ਗਏ, ਕੁਝ ਜ਼ਖਮੀ ਹੋਏ ਅਤੇ ਕੁਝ ਜੇਲ੍ਹਾਂ ਵਿੱਚ ਬੰਦ ਰਹੇ ਸਨ। ਇਹ ਸਭ ਪ੍ਰਕਾਸ਼ ਸਿੰਘ ਬਾਦਲ ਵੱਲੋਂ ਉਸ ਵਕਤ ਬੀ ਬੀ ਸੀ ਰੇਡੀਓ ਨੂੰ ਦਿੱਤੇ ਇੰਟਰਵਿਊ ਦੇ ਕਾਰਨ ਹੋਇਆ ਸੀ। ਨਿਰਪ੍ਰੀਤ ਕੌਰ ਨੇ ਦੱਸਿਆ ਕਿ ਪ੍ਰਕਾਸ਼ ਸਿੰਘ ਬਾਦਲ ਦੇ ਭਾਵਨਾਤਮਕ ਉਕਸਾਵੇ ਵਾਲੇ ਬਿਆਨ ਦੇ ਬਾਅਦ ਕਈ ਸਿੱਖ ਫੌਜੀ ਬੈਰਕ ਛੱਡ ਆਏ ਸਨ ਤੇ ਉਨ੍ਹਾਂ ਨੂੰ ਓਦੋਂ ਸਰਕਾਰ ਨੇ ਭਗੌੜਾ ਕਰਾਰ ਦੇ ਦਿੱਤਾ ਸੀ, ਜਿਸ ਕਾਰਨ ਉਹ ਓਦੋਂ ਤੋਂ ਨੌਕਰੀ ਸਨਮਾਨ, ਸਹੂਲਤਾਂ ਅਤੇ ਪੈਨਸ਼ਨ ਤੋਂ ਵਾਂਝੇ ਹਨ, ਪਰ ਇਨ੍ਹਾਂ ਫੌਜੀਆਂ ਨੂੰ ਉਕਸਾਉਣ ਵਾਲੇ ਪ੍ਰਕਾਸ਼ ਸਿੰਘ ਬਾਦਲ ਅਜੇ ਵੀ ਸਭ ਸਹੂਲਤਾਂ ਦਾ ਆਨੰਦ ਲੈ ਰਹੇ ਹਨ।

## ਪੂਜਾ ਗਰਗ ਕੇਸ ਵਿੱਚ ਇੰਪਰੂਵਮੈਂਟ ਟਰੱਸਟ ਨੇ ਸੁਪਰੀਮ ਕੋਰਟ ਵਿੱਚ ਅਪੀਲ ਕੀਤੀ



ਜਲੰਧਰ, 2 ਦਸੰਬਰ (ਪੋਸਟ ਬਿਊਰੋ)- ਸੂਰੀਆ ਐਨਕਲੇਵ ਐਕਸਟੈਨਸ਼ਨ ਵਿੱਚ ਪੂਜਾ ਗਰਗ ਨੂੰ ਪਲਾਟ ਦੀ ਲਈ ਗਈ ਅਦਾਇਗੀ ਵਿਆਜ ਸਮੇਤ ਨਾ ਮੋੜਨ ਦੇ ਮਾਮਲੇ ਵਿੱਚ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਦੇ ਜ਼ਮਾਨਤੀ ਵਾਰੰਟ ਕੱਢਣ ਦੇ ਰਾਜ ਕਮਿਸ਼ਨ ਦੇ ਖਿਲਾਫ ਇੰਪਰੂਵਮੈਂਟ ਟਰੱਸਟ ਨੇ ਸੁਪਰੀਮ ਕੋਰਟ ਵਿੱਚ ਅਪੀਲ ਕਰ ਦਿੱਤੀ ਹੈ। ਵਰਨਣ ਯੋਗ ਹੈ ਕਿ ਪੂਜਾ ਗਰਗ ਨੂੰ ਇੰਪਰੂਵਮੈਂਟ ਟਰੱਸਟ ਨੇ ਪਲਾਟ ਦੀ ਲਈ ਰਕਮ ਨਹੀਂ ਮੋੜੀ ਸੀ, ਜਿਸ ਕਰ ਕੇ ਪੰਜਾਬ ਰਾਜ ਕਮਿਸ਼ਨ ਨੇ ਇਹ ਆਦੇਸ਼ ਜਾਰੀ ਕੀਤੇ ਸਨ। ਪੂਜਾ ਗਰਗ ਨੂੰ ਅਲਾਟ ਹੋਏ ਪਲਾਟ ਦਾ ਕਬਜ਼ਾ 22 ਜੁਲਾਈ 2014 ਨੂੰ ਦਿੱਤਾ ਜਾਣਾ ਸੀ, ਪਰ ਟਰੱਸਟ ਨੇ ਬਾਅਦ ਵਿੱਚ ਇਹ ਕਹਿ ਕੇ ਕਬਜ਼ਾ ਨਹੀਂ ਦਿੱਤਾ ਕਿ ਉਸ ਮਾਮਲੇ ਵਿੱਚ ਉਨ੍ਹਾਂ ਦਾ ਵਿਵਾਦ ਚੱਲ ਰਿਹਾ ਹੈ। ਪੂਜਾ ਗਰਗ ਨੇ ਪਲਾਟ ਨਾ ਮਿਲਣ ਕਰਕੇ ਰਾਜ ਕਮਿਸ਼ਨ ਵਿੱਚ 39 ਲੱਖ ਦੇ ਕਰੀਬ ਰਕਮ ਵਾਪਸੀ ਲਈ ਅਰਜ਼ੀ ਲਾ ਦਿੱਤੀ। 7 ਮਾਰਚ 2017 ਨੂੰ ਕਮਿਸ਼ਨ ਨੇ 9 ਫੀਸਦੀ ਵਿਆਜ, 3 ਲੱਖ ਵਿਆਜ, 20 ਹਜ਼ਾਰ ਕਾਨੂੰਨੀ ਖਰਚੇ ਸਮੇਤ ਰਕਮ ਪੂਜਾ ਗਰਗ ਨੂੰ ਦੇਣ ਦੀ ਹਦਾਇਤ ਦਿੱਤੀ। 1 ਅਕਤੂਬਰ 2014 ਨੂੰ ਟਰੱਸਟ ਨੇ ਇਸ ਦੇ ਖਿਲਾਫ ਕੌਮੀ ਕਮਿਸ਼ਨ ਵਿੱਚ ਅਪੀਲ ਕਰ ਦਿੱਤੀ। 7 ਫਰਵਰੀ ਨੂੰ ਕੌਮੀ ਕਮਿਸ਼ਨ ਨੇ ਟਰੱਸਟ ਦੀ ਅਰਜ਼ੀ ਰੱਦ ਕਰ ਦਿੱਤੀ ਤੇ ਨਾਲ ਅਲਾਟੀ ਨੂੰ 2011 ਤੋਂ ਕਰਵਾਈ ਜਾਂਦੀ ਰਕਮ ਮੁਤਾਬਕ ਵਿਆਜ ਦੇਣ ਦੀ ਹਦਾਇਤ ਕੀਤੀ ਜਿਹੜੀ ਕਿ 80 ਲੱਖ ਦੇ ਕਰੀਬ ਬਣਦੀ ਸੀ। ਰਕਮ ਨਾ ਦੇਣ 'ਤੇ ਪੂਜਾ ਗਰਗ ਰਾਜ ਕਮਿਸ਼ਨ ਵਿੱਚ ਚਲੇ ਗਏ ਤੇ 23 ਅਕਤੂਬਰ 2019 ਨੂੰ ਰਾਜ ਕਮਿਸ਼ਨ ਨੇ ਹਦਾਇਤ ਜਾਰੀ ਕੀਤੀ ਕਿ 3 ਦਸੰਬਰ ਤੱਕ 80 ਲੱਖ ਦੇ ਕਰੀਬ ਪੂਜਾ ਗਰਗ ਨੂੰ ਅਦਇਗੀ ਕੀਤੀ ਜਾਵੇ। ਚੇਅਰਮੈਨ ਦੇ ਜ਼ਮਾਨਤਾਂ ਵਾਰੰਟ ਜਾਰੀ ਕਰਦੇ ਹੋਏ ਜ਼ਮਾਨਤਾਂ ਲਈ 5 ਲੱਖ ਦੀ ਰਕਮ ਵੀ ਜਮ੍ਹਾਂ ਕਰਵਾਉਣ ਦੇ ਆਦੇਸ਼ ਸੁਣਾਏ ਸਨ। ਫਿਲਹਾਲ ਰਾਹਤ ਲੈਣ ਲਈ ਟਰੱਸਟ ਸੁਪਰੀਮ ਕੋਰਟ ਵਿੱਚ ਚਲਾ ਗਿਆ ਹੈ।

## ਅਕਾਲ ਤਖਤ ਵਾਲਿਆਂ ਦਾ ਫੈਸਲਾ ਮੈਨੂੰ ਪਤਾ ਹੈ ਕੀ ਆਵੇਗਾ: ਢਡਰੀਆਂ ਵਾਲੇ



ਸੰਗਰੂਰ, 2 ਦਸੰਬਰ (ਪੋਸਟ ਬਿਊਰੋ)- ਸੰਤ ਰਣਜੀਤ ਸਿੰਘ ਢਡਰੀਆਂ ਵਾਲਿਆਂ ਦੇ ਵਿਰੁੱਧ ਸਿੱਖ ਇਤਿਹਾਸ ਨੂੰ ਗਲਤ ਢੰਗ ਨਾਲ ਪੇਸ਼ ਕੀਤੇ ਜਾਣ ਦੇ ਦੋਸ਼ਾਂ ਬਾਰੇ ਉਸ ਨੂੰ ਤਲਬ ਕਰਨ ਦੀ ਮੰਗ ਸੰਬੰਧੀ ਕਰੀਬ ਦੋ ਮਹੀਨੇ ਪਹਿਲਾਂ ਸ੍ਰੀ ਅਕਾਲ ਤਖਤ ਸਾਹਿਬ ਨੇ ਦੇਸ਼ ਵਿਦੇਸ਼ ਦੇ ਦੋ ਦਰਜਨ ਦੇ ਕਰੀਬ ਸਿੱਖ ਸੰਗਠਨਾਂ ਤੇ ਪ੍ਰਚਾਰਕਾਂ ਵੱਲੋਂ ਕੀਤੀਆਂ ਸ਼ਿਕਾਇਤਾਂ ਦੀ ਪੜਤਾਲ ਲਈ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪੰਜ ਮੈਂਬਰੀ ਪੜਤਾਲ ਕਮੇਟੀ ਬਣਾਈ ਸੀ। ਇਸ ਕਮੇਟੀ ਵੱਲੋਂ ਇਸ ਦੀ ਛਾਣ ਬੀਣ ਸ਼ੁਰੂ ਕੀਤੇ ਜਾਣ ਦੀਆਂ ਖਬਰਾਂ ਸਾਹਮਣੇ ਆ ਰਹੀਆਂ ਹਨ, ਜਿਨ੍ਹਾਂ ਪ੍ਰਤੀ ਬਾਰੇ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ ਹਨ।

ਭਰੋਸੇ ਯੋਗ ਸੂਤਰਾਂ ਅਨੁਸਾਰ ਸੰਤ ਰਣਜੀਤ ਸਿੰਘ ਢਡਰੀਆਂ ਵਾਲਿਆਂ ਦੇ ਖਿਲਾਫ ਸ਼ਿਕਾਇਤਾਂ ਦੀ ਜਾਂਚ ਕਰਨ ਲਈ ਇਸ ਪੰਜ ਮੈਂਬਰੀ ਕਮੇਟੀ ਨੇ ਕੱਲ੍ਹ ਅੰਮ੍ਰਿਤਸਰ ਵਿਖੇ ਚੁੱਪ-ਚੁਪੀਤੇ ਢੰਗ ਨਾਲ ਬੈਠਕ ਕੀਤੀ ਗਈ ਹੈ। ਇਸ ਬਾਰੇ ਕੈਨੇਡਾ ਤੋਂ ਫੋਨ ਉੱਤੇ ਸੰਤ ਰਣਜੀਤ ਸਿੰਘ ਢਡਰੀਆਂ ਵਾਲੇ ਨੇ ਦੱਸਿਆ ਕਿ ਉਨ੍ਹਾਂ ਨੇ ਹਮੇਸ਼ਾ ਬਾਣੀ ਦਾ ਪ੍ਰਚਾਰ ਕੀਤਾ ਹੈ, ਉਹੀ ਕੁਝ ਬੋਲਿਆ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਉਨ੍ਹਾਂ ਕਿਹਾ ਕਿ ਡੇਰੇਦਾਰਾਂ ਨੂੰ ਆਪਣੀਆਂ ਦੁਕਾਨਾਂ ਦੇ ਬੰਦ ਹੋਣ ਦਾ ਡਰ ਸਤਾਉਣ ਲੱਗਾ ਹੈ, ਇਸ ਲਈ ਇਨ੍ਹਾਂ ਨੂੰ ਗੁਰਬਾਣੀ ਦਾ ਪ੍ਰਚਾਰ ਪਸੰਦ ਨਹੀਂ ਆ ਰਿਹਾ। ਉਨ੍ਹਾਂ ਕਿਹਾ ਕਿ ਭਾਵੇਂ ਪੰਥ ਵਿੱਚੋਂ ਛੇਕਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ, ਪ੍ਰੰਤੂ ਉਨ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੋਂ ਬਗੈਰ ਕੋਈ ਪ੍ਰਚਾਰ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਵੱਲੋਂ ਉਨ੍ਹਾਂ ਖਿਲਾਫ ਸ਼ਿਕਾਇਤ ਮਿਲਣ 'ਤੇ ਕਾਰਵਾਈ ਕਰਨ ਲਈ ਪੰਥਕ ਵਿਦਵਾਨਾਂ ਨਾਲ ਸਲਾਹ ਕਰ ਕੇ ਫੈਸਲਾ ਕਰਨ ਦੇ ਬਿਆਨ ਦੀ ਉਨ੍ਹਾਂ ਨੂੰ ਕੋਈ ਪ੍ਰਵਾਹ ਨਹੀਂ। ਉਨ੍ਹਾਂ ਜਥੇਦਾਰ ਨੂੰ ਸਵਾਲ ਕੀਤਾ ਕਿ ਜੇ ਵੀਡੀਓਗਰਾਫੀ ਕਰਨ ਦੀ ਹਿੰਮਤ ਹੈ ਤਾਂ ਵਿਦਵਾਨਾਂ ਦੀ ਕਮੇਟੀ ਬਣਾਓ ਤੇ ਪਹਿਲਾਂ ਅਹੁਦਿਆਂ ਤੋਂ ਲਾਂਭੇ ਹੋ ਚੁੱਕੇ ਚਾਰ ਜਥੇਦਾਰਾਂ ਗੁਰਮੁਖ ਸਿੰਘ, ਗਿਆਨੀ ਇਕਬਾਲ ਸਿੰਘ ਤੋਂ ਪੁੱਛੋ ਕਿ ਸਿਰਸੇ ਡੇਰੇ ਵਾਲੇ ਰਾਮ ਰਹੀਮ ਨੂੰ ਮੁਆਫ ਕਰਨ ਦਾ ਫੈਸਲਾ ਕਿਸ ਦਾ ਸੀ ਤੇ ਉਨ੍ਹਾਂ ਉਪਰ ਦਬਅਅ ਕਿਸ ਦੇ ਕਹਿਣ 'ਤੇ ਬਣਾਇਆ ਗਿਆ ਅਤੇ ਚਿੱਠੀ ਕਿਸ ਦੀ ਆਈ ਸੀ? ਕਿਸ ਦੇ ਕਹਿਣ 'ਤੇ ਹੁਕਮਨਾਮਾ ਜਾਰੀ ਹੋਇਆ, ਸਿਰਸੇ ਵਾਲੇ ਨੂੰ ਮੁਆਫੀ ਦੇਣ 'ਤੇ ਕਿੰਨਾ ਪੈਸਾ ਖਰਚ ਹੋਇਆ, ਇਸ ਦੀ ਵੀ ਵੀਡੀਓ ਗਰਾਫੀ ਬਣਾਓ। ਸੱਚ ਸਾਹਮਣੇ ਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਾਡੀਆਂ ਵੀਡੀਓ ਬਣਾਉਣ ਤੋਂ ਪਹਿਲਾਂ ਆਪਣੇ ਪੁਰਾਣੇ ਜਥੇਦਾਰ ਸਾਹਿਬਾ ਦੀਆਂ ਵੀਡੀਓ ਵਿਖਾਓ। ਅਖੀਰ ਉਨ੍ਹਾਂ ਕਿਹਾ ਕਿ ਆਪਣਿਆਂ ਦੀਆਂ ਕੱਛ ਵਿੱਚ ਅਤੇ ਬਿਗਾਨਿਆਂ ਦੀਆਂ ਹੱਥ ਵਿੱਚ ਨਾ ਰੱਖਣ। ਉਨ੍ਹਾਂ ਕਿਹਾ ਕਿ ਅਕਾਲ ਤਖਤ ਵੱਲੋਂ ਜੋ ਵੀ ਫੈਸਲਾ ਆਵੇਗਾ, ਸਾਨੂੰ ਉਸ ਬਾਰੇ ਪਹਿਲਾਂ ਹੀ ਪਤਾ ਹੈ ਕਿ ਉਹ ਸਾਡੇ ਖਿਲਾਫ ਹੀ ਆਵੇਗਾ।

## ਦੇਰ ਰਾਤ ਤੱਕ ਪਾਰਟੀ ਚਲਾਉਣ ਵਾਲਾ ਕਲੱਬ ਮੈਨੇਜਰ ਗ੍ਰਿਫਤਾਰ

ਜਲੰਧਰ, 2 ਦਸੰਬਰ (ਪੋਸਟ ਬਿਊਰੋ)- ਦੇਰ ਰਾਤ ਤੱਕ ਸੈਟਰਡੇ ਪਾਰਟੀ ਕਰਾਉਣ ਵਾਲੇ ਮਾਡਲ ਟਾਊਨ ਦੇ 73 ਐਮ ਐਲ ਮਿਊਜ਼ਿਕ ਲਾਊਂਜ ਦੇ ਮੈਨੇਜਰ ਦੇ ਖਿਲਾਫ ਥਾਣਾ ਛੇ ਦੀ ਪੁਲਸ ਨੇ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕੀਤਾ ਹੈ। ਇਸ ਦੌਰਾਨ ਪੁਲਸ ਨੇ ਮਾਡਲ ਟਾਊਨ ਤੇ ਆਸਪਾਸ ਦੇ ਇਲਾਕਿਆਂ ਵਿੱਚ ਹੋਰ ਪੰਜ ਰੈਸਟੋਰੈਂਟ, ਬਾਰ ਅਤੇ ਪਬ ਵਿੱਚ ਵੀ ਛਾਪੇਮਾਰੀ ਕੀਤੀ ਸੀ, ਪਰ ਕਾਰਵਾਈ ਸਿਰਫ ਇੱਕ ਪਬ ਅਤੇ ਰੈਸਟੋਰੈਂਟ ਉੱਤੇ ਹੀ ਕੀਤੀ ਗਈ।

ਪਤਾ ਲੱਗਾ ਹੈ ਕਿ ਪੁਲਸ ਨੂੰ ਪਹਿਲਾਂ ਸੂਚਨਾ ਮਿਲ ਚੁੱਕੀ ਸੀ ਕਿ ਮਾਡਲ ਟਾਊਨ ਵਿੱਚ ਕੁਝ ਰੈਸਟੋਰੈਂਟ, ਬਾਰ ਅਤੇ ਪੱਬ ਵਿੱਚ ਸੈਟਰਡੇ ਪਾਰਟੀ ਦੇਰ ਰਾਤ ਤੱਕ ਚੱਲਣੀ ਸੀ। ਪੱਕੀ ਜਾਣਕਾਰੀ 'ਤੇ ਪਹਿਲਾਂ ਤੋਂ ਤਿਆਰ ਪੁਲਸ ਨੇ ਰਾਤ ਦੇ 11 ਵਜਦੇ ਮਾਡਲ ਟਾਊਨ ਦੇ ਵੱਖ-ਵੱਖ ਬਾਰ ਤੇ ਰੈਸਟੋਰੈਂਟ ਵਿੱਚ ਛਾਪਾ ਮਾਰਿਆ। ਥਾਣਾ ਛੇ ਦੇ ਐੱਸ ਐੱਚ ਓ ਇੰਸਪੈਕਟਰ ਸੁਰਜੀਤ ਸਿੰਘ ਨੇ ਦੱਸਿਆ ਕਿ ਸ਼ਨੀਵਾਰ ਰਾਤ 11 ਵਜੇ ਦੇ ਬਾਅਦ ਉਹ ਪੁਲਸ ਪਾਰਟੀ ਦੇ ਨਾਲ ਮਾਡਲ ਟਾਊਨ ਵਿੱਚ ਗਸ਼ਤ ਕਰ ਰਹੇ ਸਨ ਤਾਂ 73 ਐੱਮ ਐੱਲ ਮਿਊਜ਼ਿਕ ਲਾਊਂਜ ਦੇ ਅੱਗੇ ਰੈਸਟੋਰੈਂਟ ਦੀਆਂ ਲਾਈਟਾਂ ਜਗ ਰਹੀਆਂ ਸਨ ਅਤੇ ਉਸ ਦੇ ਅੰਦਰ ਕੁਝ ਲੋਕ ਸ਼ਰਾਬ ਪੀ ਰਹੇ ਅਤੇ ਖਾਣਾ ਖਾ ਰਹੇ ਸਨ। ਐੱਸ ਐੱਚ ਓ ਨੇ ਦੱਸਿਆ ਕਿ ਰਾਤ 11 ਵਜੇ ਪਿੱਛੋਂ ਬਾਰ ਖੋਲ੍ਹ ਕੇ ਉਸ ਦੀ ਮੈਨੇਜਮੈਂਟ ਨੇ ਡੀ ਸੀ ਪੀ ਲਾਅ ਐਂਡ ਆਰਡਰ ਵੱਲੋਂ ਜਾਰੀ ਹੁਕਮਾਂ ਦੀ ਉਲੰਘਣਾ ਕੀਤੀ ਹੈ। ਇਸ 'ਤੇ ਪੁਲਸ ਨੇ ਬਾਰ ਵਿੱਚ ਮੌਜੂਦ ਹਿਮਾਚਲ ਪ੍ਰਦੇਸ਼ ਦੇ ਜ਼ਿਲਾ ਕਾਂਗੜਾ ਦੇ ਬਾਰ ਮੈਨੇਜਰ ਰਮਨ ਕੁਮਾਰ ਦੇ ਖਿਲਾਫ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ, ਜਿਸ ਨੂੰ ਬਾਅਦ ਵਿੱਚ ਜ਼ਮਾਨਤ 'ਤੇ ਛੱਡ ਦਿੱਤਾ ਗਿਆ।

## ਦੁਬਈ ਤੋਂ ਪਰਤੇ ਨੌਜਵਾਨਾਂ ਕੋਲੋਂ ਤਿੰਨ ਕਿੱਲੋ 332 ਗ੍ਰਾਮ ਸੋਨਾ ਹੋਇਆ ਬਾਰਮਦ



ਅੰਮ੍ਰਿਤਸਰ, 2 ਦਸੰਬਰ (ਪੋਸਟ ਬਿਊਰੋ)- ਏਥੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਰਾਜਾਸਾਂਸੀ ਉੱਤੇ ਕਸਟਮ ਵਿਭਾਗ ਦੀ ਏਅਰ ਇਟੈਲੀਜੈਂਸ ਵਿੰਗ ਦੇ ਅਫਸਰਾਂ ਨੂੰ ਸੋਮਵਾਰ ਸਵੇਰੇ ਵੱਡੀ ਸਫਲਤਾ ਮਿਲੀ, ਜਦੋਂ ਦੁਬਈ ਤੋਂ ਮੁੜੇ ਦੋ ਨੌਜਵਾਨਾਂ ਨੂੰ ਹਿਰਾਸਤ ਵਿੱਚ ਲੈ ਕੇ ਉਨ੍ਹਾਂ ਤੋਂ ਤਿੰਨ ਕਿੱਲੋ 332 ਗ੍ਰਾਮ ਸੋਨਾ ਬਰਾਮਦ ਕੀਤਾ ਗਿਆ। ਸੋਨੇ ਦੀ ਭਾਰਤੀ ਮਾਰਕੀਟ ਵਿੱਚ ਕੀਮਤ ਇਕ ਕਰੋੜ 30 ਲੱਖ ਸੱਤ ਹਜ਼ਾਰ ਰੁਪਏ ਦੱਸੀ ਗਈ ਹੈ।

ਪਤਾ ਲੱਗਾ ਹੈ ਕਿ ਪਟਿਆਲਾ ਅਤੇ ਤਰਨ ਤਾਰਨ ਦੇ ਇਨ੍ਹਾਂ ਨੌਜਵਾਨਾਂ ਨੇ ਇਹ ਸੋਨਾ ਸਿਲਵਰ ਰੰਗ ਦੀ ਤਾਰ ਨਾਲ ਸੂਟਕੇਸ ਦੀ ਮਟੈਲਿਕ ਸਟ੍ਰਿਪ ਵਿੱਚ ਰੱਖ ਕੇ ਲਿਆਉਣ ਦਾ ਯਤਨ ਕੀਤਾ ਸੀ। ਅਧਿਕਾਰੀਆਂ ਨੇ ਸੋਨਾ ਕਬਜ਼ੇ ਵਿੱਚ ਲੈ ਕੇ ਦੋਸ਼ੀਆਂ ਤੋਂ ਉਹ ਪੁੱਛ-ਪੜਤਾਲ ਸ਼ੁਰੂ ਕਰ ਦਿੱਤੀ ਹੈ। ਤਰਨ ਤਾਰਨ ਜ਼ਿਲ੍ਹੇ ਦੇ ਫਤਿਹਾਬਾਦ ਪਿੰਡ ਦਾ ਗੁਰਪ੍ਰੀਤ ਸਿੰਘ ਤੇ ਪਟਿਆਲਾ ਦੀ ਸਮਾਣਾ ਤਸੀਲ ਦੇ ਪਿੰਡ ਖੱਤਰੀਵਾਲਾ ਦਾ ਗੁਰਜਨ ਸਿਘ ਸੋਮਵਾਰ ਸਵੇਰੇ ਦੁਬਈ ਤੋਂ ਆਈ ਫਲਾਈਟ ਤੋਂ ਪੁੱਜੇ ਸਨ। ਏਅਰ ਇਟੈਲੀਜੈਂਸ ਅਧਿਕਾਰੀਆਂ ਨੇ ਇਨ੍ਹਾਂ ਦੇ ਸਾਮਾਨ ਦੀ ਚੈਕਿੰਗ ਦੌਰਾਨ ਇਨ੍ਹਾਂ ਦੇ ਚਿਹਰੇ ਨੂੰ ਸਟੱਡੀ ਕੀਤਾ ਤਾਂ ਕੁਝ ਗੜਬੜ ਦਿੱਸੀ। ਅਧਿਕਾਰੀਆਂ ਨੂੰ ਸੂਚਨਾ ਸੀ ਕਿ ਦੋ ਜਣੇ ਦੁਬਈ ਤੋਂ ਵੱਡੀ ਮਾਤਰਾ ਵਿੱਚ ਸੋਨਾ ਲੈ ਕੇ ਆ ਰਹੇ ਹਨ। ਇਸ ਫਲਾਈਟ ਤੋਂ ਆਏ ਹੋਰ ਲੋਕਾਂ ਦੀ ਚੈਕਿੰਗ ਪਿੱਛੋਂ ਗੁਰਪ੍ਰੀਤ ਤੇ ਗੁਰਜਨ ਸਿੰਘ ਨੂੰ ਰੋਕ ਲਿਆ। ਅਫਸਰਾਂ ਨੇ ਇਨ੍ਹਾਂ ਦੇ ਸਾਮਾਨ ਦੀ ਚੈਕਿੰਗ ਕੀਤੀ, ਪਰ ਕੁਝ ਨਾ ਲੱਭਾ। ਦੋਵਾਂ ਦੀ ਸਰੀਰਕ ਜਾਂਚ ਵਿੱਚੋਂ ਵੀ ਕੁਝ ਨਾ ਮਿਲਿਆ ਤਾਂ ਇਨ੍ਹਾਂ ਦੋਵਾਂ ਦੇ ਬੈਗਾਂ ਦਾ ਐਕਸ-ਰੇ ਕੀਤਾ ਗਿਆ, ਫਿਰ ਸੂਟਕੇਸ ਵਿੱਚ ਲੱਗੀ ਸਟ੍ਰਿਪ ਵਿੱਚ ਸੋਨਾ ਹੋਣ ਦੇ ਸੰਕੇਤ ਮਿਲੇ।

ਕਸਟਮ ਕਮਿਸ਼ਨਰ ਦੀਪਕ ਕੁਮਾਰ ਗੁਪਤਾ ਨੇ ਦੱਸਿਆ ਕਿ ਇਕ ਯਾਤਰੀ ਕੋਲ ਇਕ ਕਿੱਲੋ 664 ਗ੍ਰਾਮ ਅਤੇ ਦੂਜੇ ਯਾਤਰੀ ਦੇ ਬੈਗ ਤੋਂ ਇਕ ਕਿੱਲੋ 668 ਗ੍ਰਾਮ ਸੋਨਾ ਮਿਲਿਆ ਹੈ।

## ਕੰਪਨੀ ਦੇ ਗੰਨਮੈਨ ਨੇ ਖੁਦ ਕੀਤਾ ਸੀ 20 ਲੱਖ ਦੀ ਲੁੱਟ ਦਾ ਕਾਂਡ

ਕੋਟਕਪੂਰਾ, 2 ਦਸੰਬਰ (ਪੋਸਟ ਬਿਊਰੋ)- ਸਥਾਨਕ ਮੋਗਾ ਰੋਡ 'ਤੇ ਨੈਸ਼ਨਲ ਹਾਈਵੇ ਦੇ ਪੁਲ ਨੇੜੇ ਇੱਕ ਨਿੱਜੀ ਕੰਪਨੀ ਦੇ ਮੁਲਾਜ਼ਮ ਤੋਂ ਕੰਪਨੀ ਦੇ ਗੰਨਮੈਨ ਵੱਲੋਂ ਫਿਲਮੀ ਅੰਦਾਜ਼ 'ਚ ਪਿਸਤੌਲ ਦੀ ਨੋਕ 'ਤੇ 20 ਲੱਖ ਰੁਪਏ ਲੁੱਟ ਦੀ ਘਟਨਾ ਦੀ ਅਸਲ ਕਹਾਣੀ ਸਾਹਮਣੇ ਆਈ ਹੈ। ਇਸ ਕਹਾਣੀ ਦਾ ਰੌਚਕ ਅਤੇ ਹੈਰਾਨੀ ਜਨਕ ਪਹਿਲੂ ਇਹ ਵੀ ਹੈ ਕਿ ਉਸ ਦਾ ਮੁੱਖ ਗੰਨਮੈਨ ਪਿਛਲੇ ਕਰੀਬ ਪੰਜ ਸਾਲਾਂ ਤੋਂ ਇਸੇ ਕੰਪਨੀ ਵਿੱਚ ਨੌਕਰੀ ਕਰਦਾ ਆ ਰਿਹਾ ਹੈ।

ਅਰਵਿੰਦ ਕੁਮਾਰ ਪੁੱਤਰ ਈਸ਼ਰ ਰਾਮ ਵਾਸੀ ਗੰਗਾਨਗਰ (ਰਾਜਸਥਾਨ) ਨੇ ਪੁਲਸ ਨੂੰ ਦੱਸਿਆ ਕਿ ਉਹ ਪਰਾਈਮ ਵੀਜ਼ਨ ਇੰਡਸਟਰੀਜ ਕੰਪਨੀ ਦੇ ਠੇਕੇਦਾਰਾਂ ਨਾਲ ਡਰਾਈਵਰੀ ਕਰਦਾ ਹੈ। ਕੱਲ੍ਹ ਉਹ ਕੰਪਨੀ ਦੀ ਨਿੱਜੀ ਗੱਡੀ ਸਕਾਰਪੀਓ ਰਾਹੀਂ ਜਦੋਂ ਕੋਟਕਪੂਰੇ 'ਚੋਂ ਲੰਘਣ ਲੱਗਾ ਤਾਂ ਗੱਡੀ ਦੀ ਮਗਰਲੀ ਸੀਟ 'ਤੇ ਬੈਠੇ ਮੁਨੀਮ ਮਲਖਾਨ ਤੋਂ ਗੰਨਮੈਨ ਭੂਰਾ ਸਿੰਘ ਰਾਠੌੜ ਨੇ ਪਹਿਲਾਂ ਮੋਬਾਈਲ ਖੋਹ ਕੇ ਉਸ ਦੀ ਬੈਟਰੀ ਕੱਢ ਲਈ ਤੇ ਉਸ ਨੂੰ ਗੱਡੀ 'ਚੋਂ ਉਤਾਰ ਦਿੱਤਾ। ਫਿਰ ਡਰਾਈਵਰ ਦੀ ਵੱਖੀ ਨਾਲ ਪਿਸਤੌਲ ਲਾ ਕੇ ਗੱਡੀ ਚਲਾਉਣ ਲਈ ਕਿਹਾ ਅਤੇ ਬਠਿੰਡੇ ਵਾਲੇ ਪਾਸੇ ਨੈਸ਼ਨਲ ਹਾਈਵੇ 'ਤੇ ਕਰੀਬ 15-20 ਕਿਲੋਮੀਟਰ ਦੂਰ ਜਾ ਕੇ 20 ਲੱਖ ਰੁਪਏ ਵਾਲਾ ਬੈਗ ਲੈ ਕੇ ਗੱਡੀ 'ਚੋਂ ਉਤਰ ਗਿਆ ਅਤੇ ਉਥੇ ਉਸ ਦੀ ਉਡੀਕ ਕਰ ਰਹੀ ਕਾਲੇ ਰੰਗ ਦੀ ਫਾਰਚੂਨਰ ਗੱਡੀ 'ਚ ਸਵਾਰ ਹੋ ਗਿਆ।

## ਸੜਕ ਹਾਦਸੇ ਵਿੱਚ ਮਾਂ-ਪੁੱਤ ਦੀ ਮੌਤ

ਗੋਨਿਆਣਾ, 2 ਦਸੰਬਰ (ਪੋਸਟ ਬਿਊਰੋ)- ਗੋਨਿਆਣਾ-ਬਾਜਾਖਾਨਾ-ਅੰਮ੍ਰਿਤਸਰ ਹਾਈਵੇ ਉੱਤੇ ਪਿੰਡ ਬਲੋਹੜ ਬਿੰਝੂ ਦੇ ਨੇੜੇ ਹੋਏ ਹਾਦਸੇ ਵਿੱਚ ਇੱਕ ਮਾਂ-ਪੁੱਤ ਦੀ ਜਾਨ ਚਲੀ ਗਈ। ਬਾਈਕ ਉੱਤੇ ਸਵਾਰ ਮਾਂ-ਪੁੱਤ ਨੂੰ ਟਰੈਕਟਰ ਟਰਾਲੀ ਨੇ ਟੱਕਰ ਮਾਰ ਦਿੱਤੀ ਸੀ। ਇਸ ਘਟਨਾ ਵਿੱਚ ਗੰਭੀਰ ਜ਼ਖਮੀਆਂ ਨੂੰ ਸਹਾਰਾ ਜਨਸੇਵਾ ਨੇ ਸਰਕਾਰੀ ਹਸਪਤਾਲ ਵਿੱਚ ਦਾਖਲ ਕਾਰਇਆ, ਜਿੱਥੇ ਉਨ੍ਹਾਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ। ਮ੍ਰਿਤਕਾਂ ਦੀ ਪਛਾਣ ਮਹਿੰਦਰ ਸਿੰਘ ਤੇ ਉਸ ਦੀ ਮਾਂ ਸੀਤੋ ਕੌਰ ਪਤਨੀ ਹਨਰੇਕ ਸਿੰਘ ਵਾਸੀ ਭਗਤਾ ਭਾਈਕਾ ਦੇ ਤੌਰ 'ਤੇ ਹੋਈ ਹੈ।

ਥਾਣਾ ਨਹਿਆਂਵਾਲਾ ਪੁਲਸ ਨੇ ਟਰਾਲੀ ਚਾਲਕ ਉਤੇ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਭਗਤਾ ਭਾਈਕੇ ਵਾਸੀ ਮਹਿੰਦਰ ਸਿੰਘ (35) ਦੀ ਪਤਨੀ ਕਿਸੇ ਸਮੱਸਿਆ ਕਾਰਨ ਬਠਿੰਡਾ ਦੇ ਹਸਪਤਾਲ ਵਿੱਚ ਦਾਖਲ ਹੈ। ਮਹਿੰਦਰ ਸਿੰਘ ਪਤਨੀ ਨੂੰ ਖਾਣਾ ਦੇਣ ਲਈ ਮਾਂ ਸੀਤੋ ਕੌਰ ਦੇ ਨਾਲ ਬਾਈਕ 'ਤੇ ਆ ਰਹੇ ਸਨ। ਗੋਨਿਆਣਾ ਮੰਡੀ ਦੇ ਪਿੰਡ ਬਲਾਹੜ ਬਿੰਝੂ ਦੇ ਨੇੜੇ ਉਨ੍ਹਾਂ ਦੇ ਮੋਟਰ ਸਾਈਕਲ ਨੂੰ ਇੱਕ ਟਰੈਕ ਟਰਾਲੀ ਨੇ ਟੱਕਰ ਮਾਰ ਦਿੱਤੀ। ਘਟਨਾ ਦਾ ਪਤਾ ਲੱਗਦੇ ਹੀ ਬਠਿੰਡਾ ਤੋਂ ਸਹਾਰਾ ਜਨਸੇਵਾ ਦੇ ਵਰਕਰਾਂ ਮਨੀ ਅਤੇ ਸੰਦੀਪ ਨੇ ਮੌਕੇ 'ਤੇ ਪਹੁੰਚ ਕੇ ਜ਼ਖਮੀ ਮਾਂ-ਪੁੱਤ ਨੂੰ ਗੋਨਿਆਣਾ ਦੇ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਾਇਆ, ਜਿੱਥੇ ਦੋਵਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

## ਭਾਰਤ ਸਰਕਾਰ ਦੀ 'ਕੈਂਚੀ' ਨੇ ਪਾਕਿ ਕਬੱਡੀ ਟੀਮ ਨੂੰ 'ਹੱਦ' ਨਹੀਂ ਟੱਪਣ ਦਿੱਤੀ



ਚੰਡੀਗੜ੍ਹ, 2 ਦਸੰਬਰ (ਪੋਸਟ ਬਿਊਰੋ)- ਪੰਜਾਬ ਸਰਕਾਰ ਵੱਲੋਂ ਕਰਵਾਏ ਗਏ ਛੇ ਵਿਸ਼ਵ ਕਬੱਡੀ ਕੱਪ ਮੁਕਾਬਲਿਆਂ 'ਚ ਪੰਜ ਵਾਰ ਉਪ ਜੇਤੂ ਰਹੀ ਪਾਕਿਸਤਾਨ ਦੀ ਕਬੱਡੀ ਟੀਮ ਨੂੰ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਨੇ ਅਜਿਹੀ ਕੈਂਚੀ ਮਾਰੀ ਕਿ ਉਹ ਬਾਰਡਰ ਦਾ ਹੰਦਾ ਨਹਾਂ ਟੱਪ ਸਕੀ।

ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਕਰਵਾਏ ਜਾ ਰਹੇ ਅੰਤਰਰਾਸ਼ਟਰੀ ਕਬੱਡੀ ਟੂਰਨਾਮੈਂਟ ਦਾ ਆਗਾਜ਼ ਸੁਲਤਾਨਪੁਰ ਲੋਧੀ ਤੋਂ ਕੱਲ੍ਹ ਹੋਇਆ ਸੀ ਅਤੇ ਕਬੱਡੀ ਟੂਰਨਾਮੈਂਟ ਵਿੱਚ ਹਿੱਸਾ ਲੈਣ ਲਈ ਅਮਰੀਕਾ, ਆਸਟਰੇਲੀਆ, ਪਾਕਿਸਤਾਨ, ਇੰਗਲੈਂਡ, ਕੈਨੇਡਾ, ਸ਼੍ਰੀਲੰਕਾ, ਕੀਨੀਆ ਤੇ ਨਿਊਜ਼ੀਲੈਂਜਡ ਦੀਆਂ ਟੀਮਾਂ ਨੂੰ ਸੱਦਾ ਭੇਜਿਆ ਗਿਆ ਸੀ। ਬਾਕੀ ਸੱਤ ਟੀਮਾਂ ਪੁੱਜ ਚੁੱਕੀਆਂ ਹਨ, ਪਰ ਭਾਰਤ ਸਰਕਾਰ ਨੇ ਪਾਕਿਸਤਾਨ ਦੀ ਕਬੱਡੀ ਟੀਮ ਨੂੰ ਪ੍ਰਵਾਨਗੀ ਨਹੀਂ ਦਿੱਤੀ। ਸਾਲ 2010 ਵਿੱਚ ਇਸ ਕਬੱਡੀ ਕੱਪ ਦੀ ਸ਼ੁਰੂਆਤ ਅਕਾਲੀ-ਭਾਜਪਾ ਸਰਕਾਰ ਨੇ ਕੀਤੀ ਸੀ ਅਤੇ ਉਦੋਂ ਤੋਂ ਲਹਿੰਦੇ ਪੰਜਾਬ (ਪਾਕਿਸਤਾਨ) ਦੀ ਕਬੱਡੀ ਟੀਮ ਲਗਾਤਾਰ ਚੜ੍ਹਦੇ ਪੰਜਾਬ ਦੀ ਧਰਤੀ 'ਤੇ ਖੇਡਣ ਆਉਂਦੀ ਰਹੀ ਹੈ। ਖੇਡ ਵਿਭਾਗ ਵੱਲੋਂ ਕਰਵਾਏ ਛੇ ਅੰਤਰਰਾਸ਼ਟਰੀ ਕਬੱਡੀ ਕੱਪ ਮੁਕਾਬਲਿਆਂ ਵਿੱਚ ਪਾਕਿਸਤਾਨ ਦੀ ਟੀਮ ਪੰਜ ਵਾਰ ਉਪ ਜੇਤੂ ਰਹੀ ਹੈ। ਇੱਕ ਵਾਰ ਪਾਕਿਸਤਾਨੀ ਟੀਮ ਤੀਸਰੇ ਨੰਬਰ 'ਤੇ ਆਈ ਸੀ। ਪੰਜ ਵਾਰ ਕਬੱਡੀ ਦਾ ਫਾਈਨਲ ਫਸਵਾਂ ਮੈਚ ਚੜ੍ਹਦੇ ਤੇ ਲਹਿੰਦੇ ਪੰਜਾਬ (ਭਾਰਤ ਤੇ ਪਾਕਿਸਤਾਨ) ਦੀਆਂ ਟੀਮਾਂ ਵਿਚਕਾਰ ਹੋਇਆ। ਫਾਈਨਲ ਮੈਚ ਏਨਾ ਫਸਵਾਂ ਹੁੰਦਾ ਸੀ ਕਿ ਕਬੱਡੀ ਪ੍ਰੇਮੀਆਂ ਵੱਲੋਂ ਨਿੱਠ ਕੇ ਦੇਖਿਆ ਜਾਂਦਾ ਸੀ, ਪਰ ਇਸ ਵਾਰ ਪਾਕਿਸਤਾਨ ਦੀ ਟੀਮ ਨੂੰ ਭਾਰਤ ਸਰਕਾਰ ਨੇ ਮਨਜ਼ੂਰੀ ਨਹੀਂ ਦਿੱਤੀ, ਜਿਸ ਕਰਕੇ ਵੱਖ-ਵੱਖ ਥਾਂਈਂ ਹੋ ਰਹੇ ਕਬੱਡੀ ਮੈਚਾਂ 'ਚ ਦਰਸ਼ਕਾਂ ਦੀ ਹਾਜ਼ਰੀ ਅਤੇ ਉਤਸੁਕਤਾ ਬਾਰੇ ਦੁਬਿਧਾ ਬਣੀ ਹੋਈ ਹੈ। ਪਤਾ ਲੱਗਾ ਹੈ ਕਿ ਪਾਕਿਸਤਾਨ ਟੀਮ ਨੇ ਆਉਣ ਲਈ ਪੂਰੀ ਤਿਆਰੀ ਕਰ ਰੱਖੀ ਸੀ, ਪੰਜਾਬ ਸਰਕਾਰ ਨੇ ਵੀ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਪਾਕਿਸਤਾਨ ਟੀਮ ਨੂੰ ਹਰੀ ਝੰਡੀ ਦੇਣ ਲਈ ਅਪੀਲ ਕੀਤੀ ਸੀ, ਪਰ ਕੇਂਦਰ ਸਰਕਾਰ ਨੇ ਪ੍ਰਵਾਨਗੀ ਨਹੀਂ ਦਿੱਤੀ। ਖੇਡ ਮੰਤਰੀ ਰਾਣਾ ਗੁਰਮੀਤ ਸਿੰਘ ਸੋਢੀ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਉਨ੍ਹਾਂ ਵੱਲੋਂ ਪਾਕਿਸਤਾਨ ਟੀਮ ਨੂੰ ਕੇਂਦਰ ਤੋਂ ਪ੍ਰਵਾਨਗੀ ਦੁਆਉਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ, ਪਰ ਪੰਜਾਬ ਸਰਕਾਰ ਦੇ ਯਤਨਾਂ ਦਾ ਕੋਈ ਸਿੱਟਾ ਨਹੀਂ ਨਿਕਲਿਆ।



## ਅਯੁੱਧਿਆ ਵਿੱਚ ਜ਼ਮੀਨੀ ਭਾਅ ਚਾਰ ਗੁਣਾ ਵਧੇ, ਰਜਿਸਟਰੀ ਵਿੱਚ 20 ਫੀਸਦੀ ਵਾਧਾ



ਲਖਨਊ, 2 ਦਸੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਦੇ ਫੈਸਲੇ ਪਿੱਛੋਂ ਅਯੁੱਧਿਆ ਵਿੱਚ ਰਾਮ ਜਨਮ ਭੂਮੀ ਮੰਦਰ ਉਸਾਰੀ ਤੇ ਵਿਕਾਸ ਯੋਜਨਾਵਾਂ ਦੀ ਆਸ ਵਿੱਚ ਜ਼ਮੀਨਾਂ ਦੀਆਂ ਕੀਮਤਾਂ ਨੂੰ ਖੰਭ ਲੱਗ ਗਏ ਹਨ। ਅਯੁੱਧਿਆ ਨਗਰ ਨਾਲ ਜੁੜੇ ਦਿਹਾਤੀ ਇਲਾਕਿਆਂ ਵਿੱਚ ਜ਼ਮੀਨ ਦੀਆਂ ਕੀਮਤਾਂ ਚਾਰ ਗੁਣਾ ਤੱਕ ਵਧ ਗਈਆਂ ਹਨ। ਸਭ ਤੋਂ ਜ਼ਿਆਦਾ ਕੀਮਤ ਅਯੁੱਧਿਆ ਨੂੰ ਜੋੜਨ ਵਾਲੇ ਬਾਈਪਾਸ ਅਤੇ ਸੜਕਾਂ ਦੇ ਕਿਨਾਰੇ ਦੀ ਜ਼ਮੀਨ ਦੇ ਵਧੀ ਹੈ। ਲਖਨਊ ਤੇ ਦੇਸ਼ ਦੇ ਤਮਾਮ ਹਿੱਸੇ ਤੋਂ ਕਾਰੋਬਾਰੀ ਸਥਾਨਕ ਲੋਕਾਂ ਨਾਲ ਸੰਪਰਕ ਕਰ ਰਹੇ ਹਨ।

ਅਯੁੱਧਿਆ ਸਦਰ ਤਹਿਸੀਲ ਦੇ ਸਬ ਰਜਿਸਟਰਾਰ ਐੱਸ ਬੀ ਸਿੰਘ ਨੇ ਮੰਨਿਆ ਹੈ ਕਿ ਸੁਪਰੀਮ ਕੋਰਟ ਦੇ ਫੈਸਲੇ ਦੇ ਬਾਅਦ 12 ਨਵੰਬਰ ਤੋਂ ਜ਼ਮੀਨ ਦੀ ਖਰੀਦ ਵਿੱਚ ਤੇਜ਼ੀ ਆਈ ਹੈ। ਇਹੀ ਨਹੀਂ ਰਜਿਸਟਰੀਆਂ ਵਿੱਚ ਵੀ 20 ਫੀਸਦੀ ਵਾਧਾ ਹੋਇਆ ਹੈ। ਲੋਕ ਪਹਿਲਾਂ ਤੋਂ ਵੱਧ ਕੀਮਤ ਦੇ ਕੇ ਜ਼ਮੀਨ ਖਰੀਦਣ ਨੂੰ ਤਿਆਰ ਹਨ। ਉਹ ਵੱਡੇ ਆਕਾਰ ਦੀ ਜ਼ਮੀਨ ਦੀ ਲਿਖਾ-ਪੜ੍ਹੀ ਕਰਾਉਣ ਤੋਂ ਬਚ ਰਹੇ ਹਨ। ਇਸ ਦਾ ਕਾਰਨ ਹੈ ਕਿ ਅਜੇ ਇਹ ਸਪੱਸ਼ਟ ਨਹੀਂ ਕਿ ਸੂਬਾ ਸਰਕਾਰ ਕਿੱਥੇ ਅਤੇ ਕਿੰਨੀ ਜ਼ਮੀਨ ਐਕੁਆਇਰ ਕਰੇਗੀ। ਅਸਲ ਵਿੱਚ ਹਦਬੰਦੀ ਦੇ ਸਮੇਂ ਘੱਟੋ-ਘੱਟ ਕੀਮਤ ਉਸ ਖੇਤਰ ਵਿੱਚ ਹੋ ਚੁੱਕੀ ਰਜਿਸਟਰੀ ਦੀ ਕੀਮਤ ਦੇ ਔਸਤ ਨਾਲ ਤੈਅ ਕੀਤੀ ਜਾਂਦੀ ਹੈ, ਜਦ ਕਿ ਵੱਧ ਤੋਂ ਵੱਧ ਕੀਮਤ ਸਰਕਿਲ ਰੇਟ ਤੋਂ ਚਾਰ ਗੁਣਾ ਹੋ ਸਕਦੀ ਹੈ। ਯਾਨੀ ਸਰਕਾਰ ਹਦਬੰਦੀ ਕਰਦੇ ਸਮੇਂ ਸਰਕਿਲ ਰੇਟ ਤੋਂ ਚਾਰ ਗੁਣਾ ਮੁਆਵਜ਼ਾ ਦਿੰਦੀ ਹੈ। ਮਹਿੰਗੀ ਜ਼ਮੀਨੇ ਖਰੀਦਣ ਦੇ ਬਾਅਦ ਜੇ ਜ਼ਮੀਨ ਦੀ ਹਦਬੰਦੀ ਸਰਕਾਰ ਕਰ ਲਏ ਤਾਂ ਨੁਕਸਾਨ ਹੋ ਸਕਦਾ ਹੈ।

ਇਸ ਦੌਰਾਨ ਅਯੁੱਧਿਆ ਵਿੱਚ 1991 ਵਿੱਚ ਵੈਦਿਕ ਯੂਨੀਵਰਸਿਟੀ ਸਣੇ ਕਈ ਯੋਜਨਾਵਾਂ ਨਾਲ ਆਏ ਮਹਾਂਰਿਸ਼ੀ ਮਹੇਸ਼ ਯੋਗੀ ਨਾਲ ਜੁੜੀਆਂ ਸੰਸਥਾਵਾਂ ਦੇ ਕੋਲ ਕਰੀਬ 300 ਏਕੜ ਜ਼ਮੀਨ ਹੋਣ ਦਾ ਅਨੁਮਾਨ ਹੈ। ਸੰਸਥਾ ਦੇ ਸਥਾਨਕ ਅਧਿਕਾਰੀਆਂ ਦੇ ਮੁਤਾਬਕ ਸ੍ਰੀ ਰਾਮ ਵੈਦਿਕ ਯੂਨੀਵਰਸਿਟੀ ਦੀ ਯੋਜਨਾ 'ਤੇ ਵਿਚਾਰ ਹੋ ਰਿਹਾ ਹੈ, ਜਦ ਕਿ ਸੰਸਥਾਵਾਂ ਨਾਲ ਜੁੜੀਆਂ ਤਮਾਮ ਜ਼ਮੀਨਾਂ ਨੂੰ ਪਿਛਲੇ ਸਾਲਾਂ ਵਿੱਚ ਵੇਚਿਆ ਵੀ ਗਿਆ ਹੈ।

### ਜਬਰ ਜਨਾਹ ਤੇ ਹੱਤਿਆ ਕਾਂਡ :

## ਮੁੱਖ ਮੰਤਰੀ ਨੇ ਕਿਹਾ, ਤੇਜ਼ ਇਨਸਾਫ ਲਈ ਫਾਸਟ ਟਰੈਕ ਕੋਰਟ ਬਣਾਈ ਜਾਵੇਗੀ

ਹੈਦਰਾਬਾਦ, 2 ਦਸੰਬਰ (ਪੋਸਟ ਬਿਊਰੋ)- ਪਸ਼ੂਆਂ ਦੀ ਮਹਿਲਾ ਡਾਕਟਰ ਨਾਲ ਬਲਾਤਕਾਰ ਅਤੇ ਹੱਤਿਆ ਬਾਰੇ ਲੋਕਾਂ ਦਾ ਗੁੱਸਾ ਇੰਨਾ ਵਧ ਗਿਆ ਹੈ ਕਿ ਕਲੋਨੀ ਵਾਸੀਆਂ ਨੇ ਨੇਤਾਵਾਂ ਅਤੇ ਹੋਰ ਲੋਕਾਂ ਨੂੰ ਵਾਪਸ ਭੇਜ ਦਿੱਤਾ, ਜੋ ਉਨ੍ਹਾਂ ਦੇ ਪਰਵਾਰ ਨਾਲ ਹਮਦਰਦੀ ਜ਼ਾਹਰ ਕਰਨ ਲਈ ਉਨ੍ਹਾਂ ਨੂੰ ਮਿਲਣਾ ਚਾਹੁੰਦੇ ਸਨ।



ਵਰਨਣ ਯੋਗ ਹੈ ਕਿ ਇਸ ਸ਼ਹਿਰ ਦੇ ਬਾਹਰੀ ਇਲਾਕੇ ਵਿੱਚ ਸ਼ਮਸ਼ਾਨਘਾਟ ਨੇੜਲੀ ਕਲੋਨੀ ਦੇ ਦਰਵਾਜ਼ਿਆਂ ਨੂੰ ਲੋਕ ਨੇ ਬੰਦ ਕਰ ਕੇ ਉਸ ਉਤੇ 'ਕੋਈ ਮੀਡੀਆ, ਪੁਲਸ, ਹਮਦਰਦੀ ਨਹੀਂ, ਸਿਰਫ ਕਾਰਵਾਈ ਅਤੇ ਨਿਆਂ ਚਾਹੀਦਾ ਹੈ' ਲਿਖੀਆਂ ਹੋਈਆਂ ਤਖਤੀਆਂ ਰੱਖ ਦਿੱਤੀਆਂ ਹਨ। ਇੱਕ ਔਰਤ ਨੇ ਪੁੱਛਿਆ ਕਿ ਮੁੱਖ ਮੰਤਰੀ ਕੇ ਚੰਦਰਸ਼ੇਖਰ ਰਾਓ ਨੇ ਅੱਜ ਤੱਕ ਇਸ ਘਟਨਾ 'ਤੇ ਪ੍ਰਤੀਕਿਰਿਆ ਕਿਉਂ ਨਾ ਦਿੱਤੀ? ਮੁੱਖ ਮੰਤਰੀ ਤੁਰੰਤ ਨਿਆਂ ਯਕੀਨੀ ਕਿਉਂ ਨਹੀਂ ਕਰ ਰਹੇ। ਇੱਕ ਔਰਤ ਨੇ ਪੁੱਛਿਆ ਕਿ ਪ੍ਰਧਾਨ ਮੰਤਰੀ ਨੇ ਅੱਜ ਤੱਕ ਇਸ ਘਟਨਾ 'ਤੇ ਟਵੀਟ ਕਿਉਂ ਨਾ ਕੀਤਾ। ਸੀ ਪੀ ਐੱਮ ਦੇ ਸਾਬਕਾ ਵਿਧਾਇਕ ਜੇ ਰੰਗਾ ਰੈਡੀ ਅਤੇ ਉਨ੍ਹਾਂ ਦੇ ਵਰਕਰਾਂ ਨੂੰ ਕਲੋਨੀ ਵਾਸੀਆਂ ਨੇ ਅੰਦਰ ਨਹੀਂ ਜਾਣ ਦਿੱਤਾ ਤੇ ਵਾਪਸ ਜਾਣ ਲਈ ਕਿਹਾ। ਇਸ ਘਟਨਾ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਲੋਕਾਂ ਦਾ ਗੁੱਸਾ ਫੁਟ ਰਿਹਾ ਹੈ। ਭਾਵੁਕਤਕਾ 'ਚ ਲੋਕ ਪੀੜਤਾ ਦੀਆਂ ਵਾਇਰਲ ਹੋ ਚੁੱਕੀਆਂ ਤਸਵੀਰਾਂ ਸਾਂਝੀਆਂ ਕਰ ਰਹੇ ਹਨ ਅਤੇ ਟਵਿੱਟਰ 'ਤੇ ਉਸ ਦੇ ਨਾਂਅ ਦੇ ਹੈਸ਼ ਟੈਗ ਵੀ ਚੱਲੇ ਹਨ।

ਇਸ ਦੌਰਾਨ ਕੇਸ ਦਰਜ ਕਰਨ 'ਚ ਦੇਰੀ ਦੇ ਦੋਸ਼ ਵਿੱਚ ਤਿੰਨ ਪੁਲਸ ਵਾਲਿਆਂ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ। ਪੁਲਸ ਕਮਿਸ਼ਨਰ ਵੀ ਸੀ ਸੱਜਨਰ ਨੇ ਦੱਸਿਆ ਕਿ ਲੋਕਾਂ ਵੱਲੋਂ ਲਾਏ ਦੋਸ਼ਾਂ ਦੀ ਜਾਂਚ ਕਰਨ ਤੋਂ ਬਾਅਦ ਪੁਲਸ ਮੁਲਾਜ਼ਮਾਂ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ। ਦੂਸਰੇ ਮੁੱਖ ਦੋਸ਼ੀ ਮਾਂ ਨੇ ਕਿਹਾ ਕਿ ਪੀੜਤ ਕੁੜੀ ਵਾਂਗ ਮੁਲਜ਼ਮਾਂ ਨੂੰ ਵੀ ਸਾੜ ਦੇਣਾ ਚਾਹੀਦਾ ਹੈ। ਜਿਵੇਂ ਕੁੜੀ ਦੇ ਨਾਲ ਕੀਤਾ ਗਿਆ, ਉਸੇ ਤਰ੍ਹਾਂ ਮੁਲਜ਼ਮਾਂ ਨੂੰ ਵੀ ਸਾੜ ਦੇਣਾ ਚਾਹੀਦਾ ਹੈ।

## ਪ੍ਰਦੂਸ਼ਣ ਹਟਾਉਣ ਦੇ ਪੈਸੇ ਲੈ ਕੇ ਵੀ ਰਾਜਾਂ ਨੇ ਕੁਝ ਨਹੀਂ ਕੀਤਾ

ਨਵੀਂ ਦਿੱਲੀ, 2 ਦਸੰਬਰ (ਪੋਸਟ ਬਿਊਰੋ)- ਹਵਾ ਪ੍ਰਦੂਸ਼ਣ ਦਾ ਵਧਦਾ ਪੱਧਰ ਲੋਕਾਂ ਲਈ ਜਾਨਲੇਵਾ ਬਣਿਆ ਹੋਇਆ ਹੈ ਪਰ ਰਾਜਾਂ ਦਾ ਵਿਹਾਰ ਇਸ ਬਾਰੇ ਅਜੇ ਵੀ ਢਿੱਲਮਠ ਵਾਲਾ ਬਣਿਆ ਹੋਇਆ ਹੈ। ਇਹ ਸਥਿਤੀ ਉਦੋਂ ਹੈ ਜਦੋਂ ਕੇਂਦਰ ਸਰਕਾਰ ਇਸ ਨਾਲ ਨਜਿੱਠਣ ਲਈ 23 ਸੂਬਿਆਂ ਨੂੰ ਪੈਸਾ ਅਤੇ ਕਾਰਜ ਯੋਜਨਾ ਦੋਵੇਂ ਦੇ ਚੁੱਕੀ ਹੈ। ਇਸ ਦੇ ਬਾਵਜੂਦ ਅੱਜ ਤੱਕ ਕਿਸੇ ਵੀ ਸੂਬੇ ਨੇ ਇਸ ਨੂੰ ਲੈ ਕੇ ਕੋਈ ਕੰਮ ਸ਼ੁਰੂ ਨਹੀਂ ਕੀਤਾ ਅਤੇ ਮੰਦਭਾਗੀ ਗੱਲ ਇਹ ਹੈ ਕਿ ਇੱਕ ਸਾਲ ਦੇ ਅੰਦਰ ਕੇਂਦਰ ਸਰਕਾਰ ਨੇ ਵੀ ਕੋਈ ਪੁੱਛਗਿੱਛ ਨਹੀਂ ਕੀਤੀ।



ਰਾਜਾਂ ਨੂੰ ਜਿਹੜੀ ਯੋਜਨਾ ਦਿੱਤੀ ਗਈ ਸੀ, ਉਹ 132 ਨੁਕਤਿਆਂ ਦਾ ਐਕਸ਼ਨ ਪਲਾਨ ਸੀ। ਇਸ ਵਿੱਚ ਗੱਡੀਆਂ ਤੋਂ ਹੋਣ ਵਾਲੇ ਪ੍ਰਦੂਸ਼ਣ ਉੱਤੇ ਰੋਕਥਾਮ ਤੋਂ ਲੈ ਕੇ ਧੂੜ ਨਾਲ ਹੁੰਦੇ ਪ੍ਰਦੂਸ਼ਣ, ਉਦਯੋਗਾਂ ਤੋਂ ਹੁੰਦੇ ਪ੍ਰਦੂਸ਼ਣ, ਬਾਇਓਮਾਸ ਸਾੜਨ ਨਾਲ ਹੁੰਦੇ ਪ੍ਰਦੂਸ਼ਣ ਆਦਿ ਨਾਲ ਨਜਿੱਠਣ ਦੀ ਪੂਰੀ ਯੋਜਨਾ ਹੈ। ਖਾਸ ਗੱਲ ਇਹ ਹੈ ਕਿ ਜਿਹੜਾ ਐਕਸ਼ਨ ਪਲਾਨ ਦਿੱਤਾ ਗਿਆ, ਉਸ 'ਤੇ ਰਾਜਾਂ ਨੇ ਵੱਧ ਤੋਂ ਵੱਧ 120 ਦਿਨਾਂ ਵਿੱਚ ਸਾਰੇ ਕੰਮਾਂ 'ਤੇ ਅਮਲ ਕਰਨਾ ਸੀ, ਪਰ ਇਸ ਦੌਰਾਨ ਪੱਤਾ ਤੱਕ ਨਹੀਂ ਹਿੱਲਿਆ। ਮੰਤਰਾਲੇ ਨਾਲ ਜੁੜੇ ਅਫਸਰਾਂ ਮੁਤਾਬਕ ਰਾਜਾਂ ਦੇ ਵਿਹਾਰ ਦਾ ਪਤਾ ਉਦੋਂ ਲੱਗਾ ਜਦੋਂ ਇਸ ਬਾਰੇ ਪਾਰਲੀਮੈਂਟ ਵਿੱਚ ਉੱਠਦੇ ਸਵਾਲਾਂ ਬਾਰੇ ਰਾਜਾਂ ਤੋਂ ਹਵਾ ਪ੍ਰਦੂਸ਼ਣ ਨਾਲ ਨਿਪਟਣ ਲਈ ਚੁੱਕੇ ਕਦਮਾਂ ਦੀ ਜਾਣਕਾਰੀ ਮੰਗੀ ਗਈ। ਇਸ ਦੌਰਾਨ ਬਹੁਤੇ ਰਾਜਾਂ ਵਿੱਚ ਹਾਲੇ ਤੱਕ ਯੋਜਨਾ ਤਹਿਤ ਕੋਈ ਵੀ ਕੰਮ ਨਹੀਂ ਹੋਇਆ ਨਿਕਲਿਆ ਹੈ।

## ਅਸ਼ੋਕਾ ਹੋਟਲ ਨੂੰ ਲੋਕਪਾਲ ਹਰ ਮਹੀਨੇ 50 ਲੱਖ ਕਿਰਾਇਆ ਅਦਾ ਕਰ ਰਿਹੈ

ਨਵੀਂ ਦਿੱਲੀ, 2 ਦਸੰਬਰ (ਪੋਸਟ ਬਿਊਰੋ)- ਕੌਮੀ ਰਾਜਧਾਨੀ ਦਿੱਲੀ ਵਿੱਚ ਸਥਾਈ ਦਫਤਰ ਦੀ ਗੈਰ ਮੌਜੂਦਗੀ ਕਾਰਨ ਭ੍ਰਿਸ਼ਟਾਚਾਰ ਵਿਰੋਧੀ ਸੰਸਥਾ ਲੋਕਪਾਲ ਸਰਕਾਰੀ ਮਾਲਕੀ ਵਾਲੇ ਅਸ਼ੋਕਾ ਹੋਟਲ ਵਿੱਚ ਬਣਾਏ ਆਪਣੇ ਦਫਤਰ ਦੇ ਲਈ ਪੰਜਾਹ ਲੱਖ ਰੁਪਏ ਦਾ ਮਾਸਿਕ ਕਿਰਾਇਆ ਅਦਾ ਕਰ ਰਹੀ ਹੈ।

ਸੂਚਨਾ ਦੇ ਅਧਿਕਾਰ ਬਾਰੇ ਕਾਨੂੰਨ ਅਧੀਨ ਮਿਲੇ ਇੱਕ ਜਵਾਬ ਵਿੱਚ ਕਿਹਾ ਗਿਆ ਹੈ ਕਿ ਲੋਕਪਾਲ ਆਰਜ਼ੀ ਤੌਰ ਉੱਤੇ ਅਸ਼ੋਕਾ ਹੋਟਲ ਤੋਂ ਕੰਮ ਚਲਾ ਰਿਹਾ ਹੈ। ਇਸ ਦਾ ਮਾਸਿਕ ਕਿਰ-ਾਇਆ ਪੰਜਾਹ ਲੱਖ ਰੁਪਏ ਦੇ ਕਰੀਬ ਹੈ ਅਤੇ ਹਾਲੇ ਤੱਕ ਇਸ ਮੰਤਵ ਲਈ ਤਿੰਨ ਕਰੋੜ 85 ਲੱਖ ਰੁਪਏ ਦੀ ਰਕਮ ਭਰੀ ਜਾ ਚੁੱਕੀ ਹੈ। ਇਹ ਰਕਮ 22 ਮਾਰਚ 2019 ਤੋਂ 31 ਅਕਤੂਬਰ 2019 ਤੱਕ ਅਦਾ ਕੀਤੀ ਗਈ ਹੈ। ਇਹ ਕਿਰਾਇਆ ਮੁਲਾਜ਼ਮਾਂ ਤੇ ਸਿਖਲਾਈ ਬਾਰੇ ਵਿਭਾਗ (ਡੀ ਓ ਪੀ ਟੀ) ਨੇ ਮਿਥਿਆ ਹੈ। ਇਸ ਸਾਲ ਮਾਰਚ ਵਿੱਚ ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਪੀ ਸੀ ਘੋਸ਼ ਨੂੰ ਭਾਰਤ ਦੇ ਪਹਿਲੇ ਲੋਕਪਾਲ ਵਜੋਂ ਸਰਕਾਰ ਨੇ ਨਾਮਜ਼ਦ ਕੀਤਾ ਸੀ। ਉਸ ਦੇ ਨਾਲ ਨਾਲ ਚਾਰ ਅਦਾਲਤੀ ਅਤੇ ਚਾਰ ਗੈਰ ਅਦਾਲਤੀ ਅਧਿਕਾਰੀ ਸਨ। ਇਹ ਕੁੱਲ ਮਿਲਾ ਕੇ ਨੌਂ ਅਧਿਕਾਰੀ ਅਸ਼ੋਕਾ ਹੋਟਲ ਦੀ ਦੂਜੀ ਮੰਜ਼ਿਲ ਤੋਂ ਕੰਮ ਕਰਦੇ ਹਨ ਤੇ ਇਨ੍ਹਾਂ ਕੋਲ ਦਫਤਰ ਵਜੋਂ 12 ਕਮਰੇ ਹਨ। ਇਹ ਜਾਣਕਾਰੀ ਸੂਚਨਾ ਅਧਿਕਾਰ ਬਾਰੇ ਕਾਰਕੁਨ ਸ਼ੁਭ ਚੌਧਰੀ ਵੱਲੋਂ ਦਿੱਤੀ ਗਈ ਅਰਜ਼ੀ ਦੇ ਆਧਾਰ 'ਤੇ ਪ੍ਰਾਪਤ ਹੋਈ ਹੈ। ਹਰ ਮਹੀਨੇ 50 ਲੱਖ ਰੁਪਏ ਕਿਰਾਏ ਵਜੋਂ ਦੇਣ ਦੀ ਖਬਰ ਉਤੇ ਕਾਂਗਰਸ ਪਾਰਟੀ ਨੇ ਹੈਰਾਨੀ ਜਤਾਈ ਹੈ ਕਿ ਇਹ ਲੋਕਪਾਲ ਹੈ ਜਾਂ ਜੋਕਪਾਲ? ਕਾਂਗਰਸ ਦੇ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਕਿਹਾ, ਲੋਕਪਾਲ ਜਾਂ ਜੋਕਪਾਲ? ਹੋਟਲ ਦਫਤਰ ਦਾ ਭੁਗਤਾਨ ਪੰਜਾਹ ਲੱਖ ਰੁਪਏ ਮਹੀਨਾ। ਇਹ ਹੋਟਲ ਸੱਤ ਮਹੀਨਿਆਂ ਤੋਂ ਸੰਸਥਾ ਦਾ ਦਫਤਰ ਹੈ। ਇਸ ਬਾਰੇ ਹੋਰ ਲੋਕ ਵੀ ਨਿੰਦਾ ਕਰ ਰਹੇ ਹਨ।

## ਮਨੀ ਲਾਂਡਰਿੰਗ ਕੇਸ ਵਿੱਚ 90 ਦਿਨ ਹਿਰਾਸਤ ਪਿੱਛੋਂ ਰਤੁਲ ਪੁਰੀ ਦੀ ਜ਼ਮਾਨਤ

ਨਵੀਂ ਦਿੱਲੀ, 2 ਦਸੰਬਰ (ਪੋਸਟ ਬਿਊਰੋ)- ਅਗਸਤਾ ਵੈਸਟਲੈਂਡ ਹੈਲੀਕਾਪਟਰ ਡੀਲ ਦੇ ਮਨੀ ਲਾਂਡਰਿੰਗ ਕੇਸ ਦੇ ਦੋਸ਼ੀ ਕਾਰੋਬਾਰੀ ਤੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਕਮਲਨਾਥ ਦੇ ਭਾਣਜੇ ਰਤੁਲ ਪੁਰੀ ਨੂੰ ਰਾਓਜ਼ ਐਵੇਨਿਊ ਦੀ ਵਿਸ਼ੇਸ਼ ਅਦਾਲਤ ਨੇ ਸੋਮਵਾਰ ਨੂੰ ਸ਼ਰਤਾਂ ਸਹਿਤ ਜ਼ਮਾਨਤ ਦੇ ਦਿੱਤੀ ਹੈ। ਇਸ ਮੌਕੇ ਅਦਾਲਤ ਨੇ ਕਿਹਾ ਕਿ ਦੋਸ਼ੀ 90 ਦਿਨਾਂ ਤੋਂ ਹਿਰਾਸਤ ਵਿਚ ਹੈ ਅਤੇ ਸਾਰੇ ਪੱਖ ਦੇਖਦੇ ਹੋਏ ਜ਼ਮਾਨਤ ਅਰਜ਼ੀ ਮਨਜ਼ੂਰ ਕੀਤੀ ਜਾਂਦੀ ਹੈ।



ਰਤੁਲ ਪੁਰੀ ਉੱਤੇ ਅਗਸਤਾ ਵੈਸਟਲੈਂਡ ਹੈਲੀਕਾਪਟਰ ਕੇਸ ਵਿਚ ਪੈਸਾ ਲੈਣ ਦਾ ਦੋਸ਼ ਹੈ। ਵਿਸ਼ੇਸ਼ ਜੱਜ ਅਰਵਿੰਦ ਕੁਮਾਰ ਨੇ ਪੰਜ ਲੱਖ ਰੁਪਏ ਦੇ ਨਿੱਜੀ ਮੁਚੱਲਕੇ ਉੱਤੇ ਜ਼ਮਾਨਤ ਦਿੰਦੇ ਹੋਏ ਰਤੁਲ ਪੁਰੀ ਉੱਤੇ ਕਈ ਸ਼ਰਤਾਂ ਲਾਗੂ ਕੀਤੀਆਂ ਹਨ। ਅਦਾਲਤ ਨੇ ਕਿਹਾ ਕਿ ਰਤੁਲ ਪੁਰੀ ਨਾ ਦਸਤਾਵੇਜ਼ਾਂ ਨਾਲ ਛੇੜਛਾੜ ਦੀ ਕੋਸ਼ਿਸ਼ ਕਰਨਗੇ ਅਤੇ ਨਾ ਹੀ ਗਵਾਹਾਂ ਨਾਲ ਸੰਪਰਕ ਦੀ ਕੋਸ਼ਿਸ਼ ਕਰਨਗੇ। ਇਸ ਜਾਂਚ ਦੇ ਸਬੰਧ ਵਿਚ ਜਦੋਂ ਵੀ ਬੁਲ-ਾਇਆ ਗਿਆ, ਉਹ ਹਾਜ਼ਰ ਹੋਣਗੇ ਤੇ ਅਦਾਲਤ ਦੀ ਇਜਾਜ਼ਤ ਲਏ ਬਿਨਾਂ ਦੇਸ਼ੋਂ ਬਾਹਰ ਨਹੀਂ ਜਾਣਗੇ। ਪੁਰੀ ਆਪਣੇ ਮੋਬਾਈਲ ਨੰਬਰ ਤੇ ਈਮੇਲ ਆਈਡੀ ਦੀ ਸੂਚਨਾ ਵੀ ਜਾਂਚ ਅਧਿਕਾਰੀ ਨਾਲ ਸਾਂਝੀ ਕਰਨਗੇ।

ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਰਤੁਲ ਪੁਰੀ ਦੀ ਜ਼ਮਾਨਤ ਅਰਜ਼ੀ ਦਾ ਵਿਰੋਧ ਕਰਦੇ ਹੋਏ ਕਿਹਾ ਸੀ ਕਿ ਜੇ ਜ਼ਮਾਨਤ ਦਿੱਤੀ ਜਾਂਦੀ ਹੈ ਤਾਂ ਉਹ ਦਸਤਾਵੇਜ਼ਾਂ ਨਾਲ ਛੇੜਛਾੜ ਕਰ ਸਕਦੇ ਹਨ, ਗਵਾਹਾਂ ਨੂੰ ਪ੍ਰਭਾਵਤ ਕਰ ਸਕਦੇ ਅਤੇ ਜਾਂਚ ਤੋਂ ਭੱਜ ਸਕਦੇ ਹਨ। ਇਨ੍ਹਾਂ ਸਾਰੀਆਂ ਦਲੀਲਾਂ ਉੱਤੇ ਵਿਸ਼ੇਸ਼ ਜੱਜ ਨੇ ਕਿਹਾ ਕਿ ਈ ਡੀ ਸਮੇਤ ਵੱਖ-ਵੱਖ ਜਾਂਚ ਏਜੰਸੀਆਂ ਨੇ ਰਤੁਲ ਪੁਰੀ ਦੇ ਘਰ ਦੀ ਤਲਾਸ਼ੀ ਲਈ ਹੈ। ਇਸ ਦੌਰਾਨ ਵੱਡੇ ਪੈਮਾਨੇ ਉੱਤੇ ਦਸਤਾਵੇਜ਼ਾਂ ਜ਼ਬਤ ਕੀਤੇ ਹਨ। ਗ੍ਰਿਫਤਾਰ ਹੋਣ ਤੋਂ ਪਹਿਲਾਂ ਵੀ ਉਹ ਪੂਰੀ ਜਾਂਚ ਵਿਚ ਸ਼ਾਮਲ ਹੋਏ ਸਨ। ਜਿਥੋਂ ਤਕ ਦਸਤਾਵੇਜ਼ਾਂ ਨਾਲ ਛੇੜਛਾੜ ਦੀ ਗੱਲ ਹੈ ਤਾਂ ਮੌਜੂਦਾ ਕੇਸ ਦਸਤਾਵੇਜ਼ਾਂ ਦੇ ਸਬੂਤ ਤੇ ਬੈਂਕਿੰਗ ਟ੍ਰਾਂਜੈਕਸ਼ਨ ਉੱਤੇ ਆਧਾਰਤ ਹੈ। ਈ ਡੀ ਨੇ ਦਸਤਾਵੇਜ਼ ਜ਼ਬਤ ਕਰ ਲਏ ਹਨ। ਸਬੂਤਾਂ ਨੂੰ ਪ੍ਰਭਾਵਤ ਕਰਨ ਦੀ ਸੰਭਾਵਨਾ ਨਹੀਂ। ਗਵਾਹਾਂ ਨੂੰ ਪ੍ਰਭਾਵਿਤ ਕਰਨ ਦੇ ਈ ਡੀ ਦੇ ਦੋਸ਼ ਉੱਤੇ ਵਿਸ਼ੇਸ਼ ਜੱਜ ਨੇ ਸਾਫ ਕੀਤਾ ਕਿ ਪੂਰਕ ਸ਼ਿਕਾਇਤ ਦਰਜ ਹੋ ਚੁੱਕੀ ਹੈ ਅਤੇ ਗਵਾਹਾਂ ਦੇ ਬਿਆਨ ਦਰਜ ਹੋ ਚੁੱਕੇ ਹਨ। ਜੇ ਅਜਿਹਾ ਹੁੰਦਾ ਹੈ ਤਾਂ ਪਟੀਸ਼ਨ ਕਰਤਾ ਦੀ ਜ਼ਮਾਨਤ ਰੱਦ ਹੋ ਸਕਦੀ ਹੈ। ਅਦਾਲਤ ਨੇ ਕਿਹਾ ਕਿ ਦੋਸ਼ੀ ਦਾ ਪਰਿਵਾਰ ਦਿੱਲੀ ਵਿਚ ਹੈ ਅਤੇ ਉਹ ਕਾਰੋਬਾਰੀ ਹੈ। ਉਸ ਦਾ ਵਪਾਰ ਹੈ ਤੇ ਉਹ ਆਮਦਨ ਟੈਕਸ ਦੇ ਘੇਰੇ ਵਿਚ ਹੈ। ਇਸ ਕਰ ਕੇ ਦੋਸ਼ੀ ਦੇ ਭੱਜਣ ਦੀ ਸੰਭਾਵਨਾ ਦਾ ਕੋਈ ਆਧਾਰ ਨਹੀਂ।

## ਸ਼ਿਵ ਸੈਨਾ ਵੱਲੋਂ ਆਪਣਾ ਬਹੁਮਤ 185 ਸੀਟਾਂ ਤਕ ਵਧਾਉਣ ਦਾ ਦਾਅਵਾ

ਮੁੰਬਈ, 2 ਦਸੰਬਰ (ਪੋਸਟ ਬਿਊਰੋ)- ਊਧਵ ਠਾਕਰੇ ਦੀ ਅਗਵਾਈ ਵਿੱਚ ਮਹਾ ਵਿਕਾਸ ਅਘਾੜੀ ਸਰਕਾਰ ਦੀਆਂ 169 ਵੋਟਾਂ ਦੇ ਸਮਰਥਨ ਨਾਲ ਭਰੋਸੇ ਦਾ ਵੋਟ ਜਿੱਤਣ ਤੋਂ ਬਾਅਦ ਸ਼ਿਵ ਸੈਨਾ ਨੇ ਕਿਹਾ ਕਿ ਭਵਿੱਖ ਵਿੱਚ ਜੇ ਉਨ੍ਹਾਂ ਦੇ ਬਹੁਮਤ ਦਾ ਅੰਕੜਾ 185 ਪੁੱਜ ਜਾਵੇ ਤਾਂ ਹੈਰਾਨੀ ਨਹੀਂ ਹੋਣੀ ਚਾਹੀਦੀ।

ਅੱਜ ਸ਼ਿਵ ਸੈਨਾ ਦੀ ਅਖ਼ਬਾਰ 'ਸਾਮਨਾ' ਵਿੱਚ ਲਿਖਿਆ ਗਿਆ ਹੈ ਕਿ 170 ਸੀਟਾਂ ਦਾ ਬਹੁਮਤ ਕੋਈ ਖਾਸ ਗੱਲ ਨਹੀਂ, ਕੱਲ੍ਹ ਨੂੰ ਇਹ ਅੰਕੜਾ 185 ਤਕ ਪੁੱਜ ਸਕਦਾ ਹੈ। ਸੰਪਾਦਕੀ ਵਿਚ ਦਾਅਵਾ ਕੀਤਾ ਗਿਆ ਹੈ ਕਿ ਲੋਕਾਂ ਨੇ ਭਾਜਪਾ ਤੋਂ ਦੂਰੀ ਬਣਾ ਲਈ ਹੈ। ਸ਼ਿਵ ਸੈਨਾ ਨੇ ਕਿਹਾ, 'ਭਾਜਪਾ ਕੋਲ ਜੋ ਮੌਜੂਦਾ ਸਮਰਥਨ ਹੈ, ਉਹ ਸੰਭਾਵੀ ਤੌਰ ਉੱਤੇ ਪਾਰਟੀ ਦੇ ਨਾਲ ਨਹੀਂ ਰਹੇਗਾ। ਪਾਰਟੀ ਨਾਲ ਜੋ ਕੁਝ ਹੋ ਰਿਹਾ ਹੈ, ਉਹ ਉਸ ਦੇ ਮਾੜੇ ਕਰਮਾਂ ਦਾ ਨਤੀਜਾ ਹੈ।' ਸੂਬਾਈ ਭਾਜਪਾ ਵਿਧਾਇਕ ਦਲ ਦੇ ਨੇਤਾ ਦੇਵੇਂਦਰ ਫੜਨਵੀਸ ਨੂੰ ਐਤਵਾਰ ਨੂੰ ਵਿਧਾਨ ਸਭਾ ਵਿਚ ਵਿਰੋਧੀ ਧਿਰ ਦਾ ਆਗੂ ਐਲਾਨਿਆ ਗਿਆ। ਸ਼ਿਵ ਸੈਨਾ ਨੇ ਕਿਹਾ, 'ਫੜਨਵੀਸ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਤਿਹਾਸ ਵਿੱਚ ਉਨ੍ਹਾਂ ਨੂੰ ਅਜਿਹੇ ਵਿਅਕਤੀ ਵਜੋਂ ਯਾਦ ਕੀਤਾ ਜਾਵੇਗਾ, ਜਿਸ ਨੇ ਹਰ ਕਿਸੇ ਨੂੰ ਹਨੇਰੇ ਵਿਚ ਰੱਖ ਕੇ ਤੇ ਬਹੁਮਤ ਤੋਂ ਬਿਨਾਂ ਨਾਜਾਇਜ਼ ਢੰਗ ਨਾਲ ਸਹੁੰ ਚੁੱਕੀ ਸੀ।' ਸ਼ਿਵ ਸੈਨਾ ਨੇ ਆਸ ਪ੍ਰਗਟ ਕੀਤੀ ਕਿ ਮਹਾਰਾਸ਼ਟਰ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਦੇ ਤੌਰ ਉੱਤੇ ਦੇਵੇਂਦਰ ਫੜਨਵੀਸ ਉਹ ਗ਼ਲਤੀਆਂ ਨਹੀਂ ਦੁਹਰਾਉਣਗੇ, ਜੋ ਨੇ ਮੁੱਖ ਮੰਤਰੀ ਰਹਿਣ ਦੌਰਾਨ ਕੀਤੀਆਂ ਸਨ।

ਇਸ ਲੇਖ ਵਿੱਚ ਪਾਰਟੀ ਨੇ ਵਿਅੰਗ ਭਰੇ ਲਹਿਜ਼ੇ ਵਿਚ ਕਿਹਾ ਕਿ ਕਿ ਜੇ ਸਾਬਕਾ ਮੁੱਖ ਮੰਤਰੀ ਫੜਨਵੀਸ ਆਪਣੇ ਇਸ ਅਕਸ ਤੋਂ ਨਿਕਲਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਵਿਰੋਧੀ ਧਿਰ ਦੇ ਨੇਤਾ ਵਜੋਂ ਨਿਯਮ ਅਨੁਸਾਰ ਕੰਮ ਕਰਨਾ ਪਵੇਗਾ ਅਤੇ ਭਾਜਪਾ ਦੇ ਸੀਨੀਅਰ ਆਗੂ ਤੇ ਵਿਧਾਇਕ ਦਲ ਦੇ ਸਾਬਕਾ ਨੇਤਾ ਏਕਨਾਥ ਖੜਗੇ ਤੋਂ ਟਿਊਸ਼ਨ ਪੜ੍ਹਨੀ ਪਵੇਗੀ।

## ਸਾਹਿਬ, ਮੈਂ ਅਜੇ ਪੜ੍ਹਨਾ ਹੈ, ਮੇਰਾ ਵਿਆਹ ਰੁਕਵਾ ਦਿਓ

ਫਤਿਹਪੁਰ, 2 ਦਸੰਬਰ (ਪੋਸਟ ਬਿਊਰੋ)- ਮਾਤਾ-ਪਿਤਾ ਨੇ ਖੇਡਣ-ਪੜ੍ਹਨ ਦੀ ਉਮਰ ਵਿੱਚ 1 ਸਾਲ ਦੀ ਬੇਟੀ ਨੂੰ ਬਾਲ- ਵਧੂ ਬਣਾਉਣ ਦੀ ਤਿਆਰੀ ਕਰ ਲਈ ਸੀ ਅਤੇ ਵਿਰੋਧ ਕਰਨ 'ਤੇ ਬੇਟੀ ਨੂੰ ਝਿੜਕ ਦਿੰਦੇ ਸਨ। ਸਕੂਲ ਵੀ ਭੇਜਣਾ ਬੰਦ ਕਰ ਦਿੱਤਾ, ਪਰ ਬੇਟੀ ਹਿੰਮਤ ਵਾਲੀ ਸੀ। ਉਸ ਨੇ ਬਾਲ ਵਿਆਹ ਦੇ ਖਿਲਾਫ ਫੋਨ ਕਰ ਕੇ ਪੁਲਸ ਨੂੰ ਸੱਦਿਆ ਅਤੇ ਥਾਣੇ ਜਾ ਵੜੀ। ਰੋਂਦੇ ਹੋਏ ਪੂਰੀ ਕਹਾਣੀ ਦੱਸੀ ਤੇ ਬੋਲੀ, ਸਾਹਿਬ ਮੈਂ ਅਜੇ ਪੜ੍ਹਨਾ ਹੈ, ਮੇਰਾ ਵਿਆਹ ਰੁਕਵਾ ਦਿਓ। ਪੁਲਸ ਨੇ ਉਸ ਦੇ ਪਿਤਾ ਨੂੰ ਬੁਲਾ ਕੇ ਬਾਲ ਵਿਆਹ ਦੇ ਅਪਰਾਧ 'ਤੇ ਜੇਲ੍ਹ ਭੇਜਣ ਦੀ ਚਿਤਾਵਨੀ ਦਿੱਤੀ। ਬਾਲ ਵਿਆਹ ਨਾ ਕਰਨ ਦੀ ਗੱਲ ਲਿਖਤੀ ਲੈਣ ਦੇ ਬਾਅਦ ਛੱਡਿਆ। ਥਾਣਾ ਮੁਖੀ ਜੇ ਪੀ ਉਪਾਧਿਆਏ ਨੇ ਦੱਸਿਆ ਕਿ ਲੜਕੀ ਨੂੰ ਆਪਣਾ ਮੋਬਾਈਲ ਨੰਬਰ ਦੇ ਦਿੱਤਾ ਹੈ। ਬਾਲਿਗ ਹੋਣ ਦੇ ਬਾਅਦ ਹੀ ਵਿਆਹ ਕਰਨ ਦੇ ਲਈ ਪਿਤਾ ਰਾਜ਼ੀ ਹੋ ਗਿਆ ਹੈ।

ਉਤਰ ਪ੍ਰਦੇਸ਼ ਦੇ ਫਤਿਹਪੁਰ ਜ਼ਿਲੇ ਦੀ ਲਛਮੀ ਦੇਵੀ ਛੇਵੀਂ ਕਲਾਸ ਦੀ ਵਿਦਿਆਰਥਣ ਹੈ। ਪਿਤਾ ਸੂਰਜਭਾਨ ਨਿਸ਼ਾਦ ਨੇ ਉਸ ਦਾ ਵਿਆਹ 28 ਸਾਲ ਦੇ ਨੌਜਵਾਨ ਨਾਲ ਤੈਅ ਕਰ ਦਿੱਤਾ। ਇਹ ਗੱਲ ਵਿਦਿਆਰਥਣ ਨੂੰ ਪਤਾ ਲੱਗੀ ਤਾਂ ਉਸ ਨੇ ਵਿਰੋਧ ਸ਼ੁਰੂ ਕਰ ਦਿੱਤਾ। ਕਿਸੇ ਨੇ ਉਸ ਦੀ ਨਹੀਂ ਸੁਣੀ ਤਾਂ ਉਸ ਨੂੰ ਪੁਲਸ ਤੋਂ ਮਦਦ ਲੈਣ ਦੀ ਗੱਲ ਸੁੱਝੀ। ਕੱਲ੍ਹ ਜਦੋਂ ਘਰ ਦੇ ਸਾਰੇ ਮੈਂਬਰ ਖੇਤ ਚਲੇ ਗਏ ਤਾਂ ਮੋਬਾਈਲ 'ਤੇ ਪੁਲਸ ਨੂੰ ਸਾਰੀ ਗੱਲ ਦੱਸੀ। ਇਸ ਦੇ ਅੱਧੇ ਘੰਟੇ ਦੇ ਅੰਦਰ ਪੁਲਸ ਟੀਮ ਉਸ ਦੇ ਘਰ ਆ ਪਹੁੰਚੀ। ਵਿਦਿਆਰਥਣ ਨੇ ਪੁਲਸ ਨੂੰ ਦੱਸਿਆ ਕਿ ਜਿਸ ਨਾਲ ਉਸ ਦਾ ਵਿਆਹ ਹੋਣਾ ਹੈ, ਉਹ ਨੌਜਵਾਨ ਅਕਸਰ ਘਰ ਆਉਂਦਾ ਹੈ। ਜਦ ਪਿਤਾ ਨੂੰ ਕਿਹਾ, ਅਜੇ ਪੜ੍ਹਨ ਦਿਓ, ਵਿਆਹ ਬਾਅਦ ਵਿੱਚ ਕਰ ਦੇਣਾ ਤਾਂ ਉਨ੍ਹਾਂ ਨੇ ਸਕੂਲ ਜਾਣ ਤੋਂ ਰੋਕ ਦਿੱਤਾ। ਡਾਂਟਦੇ ਹੋਏ ਕਿਹਾ, ਤੇਰੀ ਮੇਰੇ ਸਾਹਮਣੇ ਇਹ ਕਹਿਣ ਦੀ ਹਿੰਮਤ ਕਿਵੇਂ ਹੋਈ। ਮਾਂ ਨੇ ਵੀ ਸ਼ਾਂਤ ਕਰ ਦਿੱਤਾ ਕਿ ਬੇਟੀ ਵਿਆਹ ਤਾਂ ਇੱਕ ਦਿਨ ਹੋਣਾ ਹੀ ਹੈ। ਲੜਕਾ-ਜਾਣ ਪਛਾਣ ਦਾ ਹੈ, ਵਿਆਹ ਕਰ ਲੈ।

## ਬਜਟ ਤੋਂ ਪਹਿਲਾਂ ਪ੍ਰਣਬ ਮੁਖ਼ਰਜੀ ਅਤੇ ਮਨਮੋਹਨ ਸਿੰਘ ਨਾਲ ਸਲਾਹ ਕੀਤੀ ਗਈ ਸੀ: ਸੀਤਾਰਮਨ

ਨਵੀਂ ਦਿੱਲੀ, 2 ਦਸੰਬਰ (ਪੋਸਟ ਬਿਊਰੋ)- ਭਾਰਤ ਦੀ ਸੁਸਤ ਅਰਥ ਵਿਵਸਥਾ ਦੇ ਮੁੱਦੇ ਤੋਂ ਲੋਕ ਸਭਾ ਵਿੱਚ ਅੱਜ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਵਿਰੋਧੀ ਧਿਰ ਦੇ ਸਵਾਲਾਂ ਦਾ ਜਵਾਬ ਦੇਂਦੇ ਹੋਏ ਕਿਹਾ ਕਿ ਅਸੀਂ ਵਿਰੋਧੀਆਂ ਦੀਆਂ ਗੱਲਾਂ ਸੁਣਨ ਨੂੰ ਤਿਆਰ ਹਾਂ। ਮੈਂ ਬਹੁਤ ਸੁਣਿਆ ਤੇ ਅੱਜ ਜਵਾਬ ਦੇਣ ਆਈ ਹਾਂ। ਮੈਂ ਭੱਜਣ ਵਾਲਿਆਂ ਵਿੱਚੋਂ ਨਹੀਂ, ਇਹ ਸਾਡੀ ਪਾਰਟੀ ਦਾ ਸੱਭਿਆਚਾਰ ਨਹੀਂ। ਇਸ ਦੇ ਨਾਲ ਉਨ੍ਹਾਂ ਕਿਹਾ ਕਿ



ਬਜਟ ਤੋਂ ਪਹਿਲਾਂ ਸਾਬਕਾ ਰਾਸ਼ਟਰਪਤੀ ਪ੍ਰਣਬ ਮੁਖ਼ਰਜੀ ਤੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਵੀ ਮੁਲਾਕਾਤ ਕੀਤੀ ਸੀ। ਪਾਰਲੀਮੈਂਟ ਵਿੱਚ ਵਿਰੋਧੀ ਧਿਰ ਦੇ ਆਗੂਆਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਕਾਰਪੋਰੇਟ ਟੈਕਸ ਘਟਾਉਣ ਨਾਲ ਨਿਵੇਸ਼ ਵਧਾਉਣ ਵਿੱਚ ਮਦਦ ਮਿਲੇਗੀ। ਸਾਡੀ ਸਰਕਾਰ ਲਗਾਤਾਰ ਵਿੱਤੀ ਅਨੁਸ਼ਾਸਨ ਉੱਤੇ ਕਾਇਮ ਰਹੀ ਹੈ। ਵਿੱਤ ਮੰਤਰੀ ਨਿਰਮਲਾ ਨੇ ਕਿਹਾ ਕਿ ਸਾਨੂੰ 'ਸੂਟ-ਬੂਟ ਵਾਲੀ ਸਰਕਾਰ' ਵਾਰ-ਵਾਰ ਕਿਹਾ ਜਾਂਦਾ ਹੈ। ਸਾਨੂੰ ਦੱਸਿਆ ਗਿਆ ਹੈ ਕਿ ਕਾਰਪੋਰੇਟ ਟੈਕਸ ਘੱਟ ਕਰਨ ਨਾਲ ਸਿਰਫ਼ ਅਮੀਰ ਨੂੰ ਮਦਦ ਮਿਲਦੀ ਹੈ।

MICHELIN
Hankook
Continental
ROADLUX
BFGoodrich
AEOLUS
COMPASAL



Chevron
Delo
Special OIL CHANGE Rates
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
Brake & Drum - On Special Sale! Made in U.S
Special Sale 4 CAT Batteries $550 with Installation
ਟਰੱਕਾਂ ਦੀ ਸਸਤੀ ਏ-ਸੀ ਰਿਪੇਅਰ ਤੇ ਟਾਇਰਾਂ ਦੀ ਭਾਰੀ ਸੇਲ
SPECIAL ON TRUCK ALIGNMENT | BRAND NEW MACHINES 2018
Special Sale on Smartway Approved Tires $245 each
4 Mechanics Needed Urgently
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
30 Truck Parking Also Available!
1715 Sismet Rd, Mississauga | Call Ranjit: 416.624.8351 | Tel: 905.625.0055

# ਬ੍ਰੈਗਜ਼ਿਟ ਪਿੱਛੋਂ ਯੂਰਪੀਨ ਟੂਰਿਸਟਾਂ ਨੂੰ ਬ੍ਰਿਟੇਨ ਲਈ ਈ-ਵੀਜ਼ਾ ਲੈਣਾ ਹੋਵੇਗਾ




ਲੰਡਨ, 2 ਦਸੰਬਰ (ਪੋਸਟ ਬਿਊਰੋ)- ਬ੍ਰਿਟੇਨ ਦੀ ਹਾਕਮ ਧਿਰ ਕੰਜ਼ਰਵੇਟਿਵ ਪਾਰਟੀ ਨੇ ਕਿਹਾ ਹੈ ਕਿ ਬ੍ਰੈਗਜ਼ਿਟ ਪਿੱਛੋਂ ਬ੍ਰਿਟੇਨ ਆਉਣ ਲਈ ਯੂਰਪੀ ਯੂਨੀਅਨ ਦੇ ਲੋਕਾਂ ਨੂੰ ਪਹਿਲਾਂ ਇਲੈਕਟ੍ਰਾਨਿਕ ਮਨਜ਼ੂਰੀ ਲੈਣੀ ਹੋਵੇਗੀ। ਇਸ ਸਮੇਂ ਯੂਰਪੀ ਦੇਸ਼ਾਂ ਦੇ ਨਾਗਰਿਕਾਂ ਨੂੰ ਬ੍ਰਿਟੇਨ ਵਿਚ ਦਾਖ਼ਲੇ ਲਈ ਸਿਰਫ਼ ਪਛਾਣ ਪੱਤਰ ਦੀ ਲੋੜ ਹੁੰਦੀ ਹੈ।

ਕੰਜ਼ਰਵੇਟਿਵ ਪਾਰਟੀ ਵੱਲੋਂ ਪ੍ਰਸਤਾਵਿਤ ਨਿਯਮਾਂ ਹੇਠ ਯਾਤਰਾ ਤੋਂ ਪਹਿਲਾਂ ਯੂਰਪੀ ਲੋਕਾਂ ਨੂੰ ਨਾ ਕੇਵਲ ਪਾਸਪੋਰਟ ਲੈਣਾ ਹੋਵੇਗਾ, ਉਨ੍ਹਾਂ ਨੂੰ ਆਨਲਾਈਨ ਫਾਰਮ ਵੀ ਭਰਨਾ ਹੋਵੇਗਾ। ਬ੍ਰਿਟੇਨ ਦੀ ਗ੍ਰਹਿ ਮੰਤਰੀ ਪ੍ਰੀਤੀ ਪਟੇਲ ਨੇ ਐਤਵਾਰ ਨੂੰ ਇਥੇ ਕਿਹਾ ਕਿ ਜਦੋਂ ਲੋਕਾਂ ਨੇ 2016 ਵਿਚ ਬ੍ਰੈਗਜ਼ਿਟ ਲਈ ਵੋਟਿੰਗ ਕੀਤੀ ਸੀ ਤਾਂ ਉਨ੍ਹਾਂ ਨੇ ਸਰਹੱਦਾਂ ਦਾ ਕੰਟਰੋਲ ਵਾਪਸ ਲੈਣ ਲਈ ਵੋਟ ਦਿੱਤਾ ਸੀ। ਬ੍ਰੈਗਜ਼ਿਟ ਪਿੱਛੋਂ ਅਸੀਂ ਆਸਟ੍ਰੇਲੀਆਈ ਸ਼ੈਲੀ ਹੇਠ ਅੰਕ ਦੇ ਆਧਾਰਤ ਇਮੀਗ੍ਰੇਸ਼ਨ ਪ੍ਰਣਾਲੀ ਸ਼ੁਰੂ ਕਰਾਂਗੇ ਅਤੇ ਬ੍ਰਿਟੇਨ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਬਾਰੇ ਕਦਮ ਉਠਾਵਾਂਗੇ। ਵੀਜ਼ੇ ਬਿਨਾਂ ਆਉਣ ਵਾਲੇ ਕਿਸੇ ਵੀ ਵਿਅਕਤੀ ਲਈ ਇਕ ਇਲੈਕਟ੍ਰਾਨਿਕ ਟ੍ਰੈਵਲ ਆਥੋਰਾਈਜੇਸ਼ਨ (ਈ ਟੀ ਏ) ਸਿਸਟਮ ਸ਼ੁਰੂ ਕੀਤਾ ਜਾਏਗਾ। ਇਸ ਪ੍ਰਣਾਲੀ ਵਿਚ ਸੈਲਾਨੀ ਆਪਣਾ ਵੇਰਵਾ ਆਨਲਾਈਨ ਭਰ ਸਕਾਂਗੇ। ਪ੍ਰਸਤਾਵਿਤ ਨਿਯਮਾਂ ਹੇਠ ਟੂਰਿਸਟਾਂ ਨੂੰ ਆਪਣੇ ਅਪਰਾਧਿਕ ਇਤਿਹਾਸ ਦੇ ਨਾਲ ਬਾਇਓ ਮੀਟ੍ਰਿਕ ਡਾਟਾ ਵੀ ਦੇਣਾ ਹੋਵੇਗਾ।

ਜੇ ਇਹ ਨਵੇਂ ਨਿਯਮ ਲਾਗੂ ਹੁੰਦੇ ਹਨ ਤਾਂ ਬ੍ਰਿਟੇਨ ਵਿਚ ਦਾਖਲੇ ਲਈ ਯੂਰਪੀ ਦੇਸ਼ਾ ਦਾ ਆਈ-ਕਾਰਡ ਮੰਨਣ ਯੋਗ ਨਹੀਂ ਹੋਣਗੇ। ਕੰਜ਼ਰਵੇਟਿਵ ਪਾਰਟੀ ਦਾ ਇਹ ਐਲਾਨ ਵਿਰੋਧੀ ਲੇਬਰ ਪਾਰਟੀ ਦੇ ਮੁੱਖ ਆਗੂ ਜੈਰੇਮੀ ਕਾਰਬਿਨ ਦੇ ਉਸ ਬਿਆਨ ਪਿੱਛੋਂ ਆਇਆ ਹੈ, ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਯੂਰਪੀ ਲੋਕਾਂ ਦੇ ਦਾਖ਼ਲੇ ਉੱਤੇ ਪੂਰੀ ਤਰ੍ਹਾਂ ਪਾਬੰਦੀ ਲਾਉਣਾ ਸੰਭਵ ਨਹੀਂ ਹੋਵੇਗਾ, ਕਿਉਂਕਿ ਬ੍ਰਿਟੇਨ ਅਤੇ ਯੂਰਪ ਦੇ ਲੋਕਾਂ ਵਿਚਾਲੇ ਪਰਿਵਾਰਕ ਸਬੰਧ ਹਨ। ਬ੍ਰਿਟੇਨ ਦੀਆਂ ਸਿਆਸੀ ਪਾਰਟੀਆਂ ਦੇ ਮੁੱਖ ਆਗੂ ਬ੍ਰੈਗਜ਼ਿਟ, ਰਾਸ਼ਟਰੀ ਸਿਹਤ ਸੇਵਾ ਤੇ ਅੱਤਵਾਦ ਉੱਤੇ ਬਣਾਏ ਜਾਣ ਵਾਲੇ ਕਾਨੂੰਨਾਂ ਬਾਰੇ ਟੀ ਵੀ ਬਹਿਸ ਦੌਰਾਨ ਭਿੜ ਗਏ। ਆਈ ਟੀ ਵੀ ਉੱਤੇ ਕਰਵਾਈ ਬਹਿਸ ਵਿਚ ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਦੇ ਰਿਸ਼ੀ ਸੁਨਕ ਨੇ ਜਿਥੇ ਬ੍ਰੈਗਜ਼ਿਟ ਉੱਤੇ ਕੋਈ ਸਿੱਧਾ ਜਵਾਬ ਨਹੀਂ ਦਿੱਤਾ, ਓਥੇ ਲੇਬਰ ਪਾਰਟੀ ਦੇ ਸਕੱਤਰ ਰਿਚਰਡ ਬਰਗਨ ਨੇ ਆਪਣੇ ਆਗੂ ਕਾਰਬਿਨ ਦੇ ਉਸ ਫ਼ੈਸਲੇ ਦਾ ਬਚਾਅ ਕੀਤਾ, ਜਿਸ ਵਿਚ ਦੂਜੇ ਰਿਫਰੈਂਡਮ ਦੌਰਾਨ ਨਿਰਪੱਖ ਰਹਿਣ ਦੀ ਗੱਲ ਕਹੀ ਗਈ ਹੈ। ਉਨ੍ਹਾਂ ਕਿਹਾ ਕਿ ਸਾਡੇ ਆਗੂ ਦੇਸ਼ ਨੂੰ ਇਕੱਠਾ ਕਰਨ ਲਈ ਦ੍ਰਿੜ੍ਹ ਸੰਕਲਪ ਹਨ ਪ੍ਰੰਤੂ ਇਸ ਦੀ ਵਰਤੋਂ ਵੋਟਾਂ ਲਈ ਨਹੀਂ ਹੋਣੀ ਚਾਹੀਦੀ। ਇਸ ਦੇ ਜਵਾਬ ਵਿਚ ਲਿਬਰਲ ਡੈਮੋਕ੍ਰੇਟਸ ਆਗੂ ਜੋ ਸਵਿਨਸਨ ਨੇ ਕਿਹਾ ਕਿ ਇਸ ਮੁੱਦੇ ਉੱਤੇ ਨਿਰਪੱਖ ਹੋਣਾ ਦਿਖਾਉਂਦਾ ਹੈ ਕਿ ਕਾਰਬਿਨ ਆਗੂ ਹੀ ਨਹੀਂ ਹਨ।

# ਜਾਰਡਨ ਦੇ ਖੇਤੀ ਫਾਰਮ ਵਿੱਚ ਅੱਗ ਨਾਲ 13 ਪਾਕਿਸਤਾਨੀਆਂ ਦੀ ਮੌਤ



ਅਮਾਨ, 2 ਦਸੰਬਰ (ਪੋਸਟ ਬਿਊਰੋ)- ਜਾਰਡਨ ਦੇ ਇਕ ਖੇਤੀ ਫਾਰਮ ਵਿਚ ਅੱਗ ਲੱਗਣ ਨਾਲ ਅੱਠ ਬੱਚਿਆਂ ਸਣੇ 13 ਪਾਕਿਸਤਾਨੀਆਂ ਦੀ ਮੌਤ ਹੋ ਗਈ। ਇਸ ਹਾਦਸੇ ਵਿਚ ਤਿੰਨ ਲੋਕ ਗੰਭੀਰ ਰੂਪ ਨਾਲ ਝੁਲਸ ਗਏ। ਇਹ ਘਟਨਾ ਜਾਰਡਨ ਵੈਲੀ ਵਿਚ ਐਤਵਾਰ ਰਾਤ ਉਸ ਵੇਲੇ ਹੋਈ, ਜਦੋਂ ਇਹ ਲੋਕ ਅਸਥਾਈ ਰੂਪ ਨਾਲ ਬਣੇ ਘਰ ਵਿਚ ਸੌਂ ਰਹੇ ਸਨ। ਅੱਗ ਸ਼ਾਰਟ ਸਰਕਟ ਕਾਰਨ ਲੱਗਣ ਦਾ ਸ਼ੱਕ ਕੀਤਾ ਜਾ ਰਿਹਾ ਹੈ। ਜਾਰਡਨ ਸਿਵਲ ਡਿਫੈਂਸ ਦੇ ਬੁਲਾਰੇ ਇਯਾਦ ਅਲ ਆਮਰੇ ਨੇ ਸੋਮਵਾਰ ਨੂੰ ਕਿਹਾ, ਮੁੱਢਲੀ ਜਾਂਚ ਵਿਚ ਬਿਜਲੀ ਦੀ ਗੜਬੜੀ ਕਾਰਨ ਅੱਗ ਲੱਗਣ ਦੇ ਸੰਕੇਤ ਮਿਲੇ ਹਨ, ਪਰ ਸਿਵਲ ਡਿਫੈਂਸ ਦੇ ਇਕ ਹੋਰ ਅਧਿਕਾਰੀ ਨੇ ਦੱਸਿਆ ਕਿ ਟੀਨ ਸ਼ੈੱਡ ਵਿਚ ਦੋ ਪਰਿਵਾਰ ਰਹਿੰਦੇ ਸਨ। ਪੁਲਿਸ ਇਸ ਘਟਨਾ ਦੀ ਜਾਂਚ ਕਰ ਰਹੀ ਹੈ। ਫਲਾਂ ਤੇ ਸਬਜ਼ੀਆਂ ਦੀ ਉਪਜ ਵਾਲੇ ਜਾਰਡਨ ਵੈਲੀ ਇਲਾਕੇ ਵਿਚ ਵੱਡੀ ਗਿਣਤੀ ਵਿਚ ਨਿੰਜੀ ਖੇਤੀ ਫਾਰਮ ਹਨ। ਇੱਥੇ ਹਜ਼ਾਰਾਂ ਦੀ ਗਿਣਤੀ ਵਿਚ ਵਿਦੇਸ਼ੀ ਮਜ਼ਦੂਰ ਵੀ ਕੰਮ ਕਰਦੇ ਹਨ। ਉਨ੍ਹਾਂ ਨੂੰ ਆਮ ਤੌਰ ਉੱਤੇ ਟੀਨ ਸ਼ੈੱਡ ਨਾਲ ਬਣੇ ਘਰਾਂ ਵਿਚ ਰੱਖਿਆ ਜਾਂਦਾ ਹੈ। ਸੀਰੀਆ ਨਾਲ ਲੱਗਦੇ ਜਾਰਡਨ ਵਿਚ ਵੱਡੀ ਗਿਣਤੀ ਵਿਚ ਸੀਰੀਆਈ ਸ਼ਰਨਾਰਥੀ ਵੀ ਰਹਿੰਦੇ ਹਨ। ਉਨ੍ਹਾਂ ਦੇ ਕੈਂਪਾਂ ਵਿਚ ਬਿਜਲੀ ਦੀ ਗੜਬੜੀ ਤੇ ਗੈਸ ਸਟੋਵ ਕਾਰਨ ਅੱਗ ਲੱਗਣ ਦੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ।

# ਆਸਟ੍ਰੇਲੀਆ ਨੇ ਚੀਨ ਤੋਂ ਗ੍ਰਿਫ਼ਤਾਰ ਪੱਤਰਕਾਰ ਬਾਰੇ ਜਾਣਕਾਰੀ ਮੰਗੀ



ਸਿਡਨੀ, 2 ਦਸੰਬਰ (ਪੋਸਟ ਬਿਊਰੋ)- ਆਸਟ੍ਰੇਲੀਆ ਨੇ ਬੀਜਿੰਗ ਵਿਚ ਗ੍ਰਿਫ਼ਤਾਰ ਕੀਤੇ ਗਏ ਚੀਨੀ ਮੂਲ ਦੇ ਆਪਣੇ ਨਾਗਰਿਕ ਪੱਤਰਕਾਰ ਨਾਲ ਹੋ ਰਹੇ ਵਤੀਰੇ ਦੀ ਅੱਜ ਆਲੋਚਨਾ ਕੀਤੀ ਅਤੇ ਉਨ੍ਹਾਂ ਉੱਤੇ ਚਲਾਏ ਜਾ ਰਹੇ ਕੇਸ ਦਾ ਵੇਰਵਾ ਮੰਗਿਆ ਹੈ। ਚੀਨ ਦਾ ਕਹਿਣਾ ਹੈ ਕਿ ਇਸ ਪੂਰੇ ਕੇਸ ਵਿਚ ਕਾਨੂੰਨ ਦਾ ਪਾਲਣ ਕੀਤਾ ਜਾ ਰਿਹਾ ਹੈ।

ਚੀਨ ਦੇ ਸਾਬਕਾ ਡਿਪਲੋਮੈਟ ਅਤੇ ਆਨਲਾਈਨ ਪੱਤਰਕਾਰ ਤੇ ਬਲਾਗਰ ਯਾਂਗ ਹੇਂਗਜੁਨ ਨੂੰ ਜਾਸੂਸੀ ਦੇ ਸ਼ੱਕ ਵਿਚ ਬੀਤੇ ਅਗਸਤ ਵਿਚ ਰਸਮੀ ਤੌਰ ਉੱਤੇ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਸੱਤ ਮਹੀਨੇ ਤਕ ਉਨ੍ਹਾਂ ਨੂੰ ਗ਼ੈਰ ਕਾਨੂੰਨੀ ਤਰੀਕੇ ਨਾਲ ਦੱਖਣੀ ਸ਼ਹਿਰ ਗਵਾਂਗਝੂ ਵਿਚ ਹਿਰਾਸਤ ਵਿੱਚ ਰੱਖਿਆ ਗਿਆ ਸੀ। ਜਾਸੂਸੀ ਦੇ ਦੋਸ਼ੀ ਪਾਏ ਜਾਣ ਉੱਤੇ ਚੀਨ ਵਿਚ ਮੌਤ ਦੀ ਸਜ਼ਾ ਦੀ ਤਜਵੀਜ਼ ਹੈ।

ਕੈਨਬਰਾ ਵਿੱਚ ਮੀਡੀਆ ਨਾਲ ਗੱਲਬਾਤ ਦੇ ਦੌਰਾਨ ਪ੍ਰਧਾਨ ਮੰਤਰੀ ਸਕਾਟ ਮੌਰੀਸਨ ਨੇ ਕਿਹਾ, ਆਸਟ੍ਰੇਲੀਆਈ ਨਾਗਰਿਕ ਦਾ ਹਿੱਤ ਸਾਡੀ ਸਰਬ ਉੱਚ ਪਹਿਲ ਹੈ। ਅਸੀਂ ਯਾਂਗ ਖ਼ਿਲਾਫ਼ ਚਲਾਏ ਜਾ ਰਹੇ ਕੇਸ ਦਾ ਵੇਰਵਾ ਦੇਖਣਾ ਚਾਹੁੰਦੇ ਹਾਂ ਤੇ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਉਹ ਆਪਣੇ ਵਕੀਲਾਂ ਅਤੇ ਪਰਿਵਾਰਕ ਮੈਂਬਰਾਂ ਨਾਲ ਮਿਲ ਸਕਣ। ਵਿਦੇਸ਼ ਮੰਤਰੀ ਮੈਰਿਸ ਪੈਨੇ ਨੇ ਕਿਹਾ ਕਿ ਆਸਟ੍ਰੇਲੀਆਈ ਕੌਂਸਲੇਟ ਦੇ ਅਧਿਕਾਰੀ ਕੁਝ ਸਮੇਂ ਪਹਿਲਾਂ ਯਾਂਗ ਨੂੰ ਮਿਲੇ ਸਨ। ਉਨ੍ਹਾਂ ਯਾਂਗ ਦੀ ਜਿਹੜੀ ਸਥਿਤੀ ਦੱਸੀ ਸੀ, ਉਹ ਸਵੀਕਾਰ ਕਰਨ ਯੋਗ ਨਹੀਂ।

ਆਸਟ੍ਰੇਲੀਆ ਦੀ ਇਸ ਪ੍ਰਤੀਕਿਰਿਆ ਉੱਤੇ ਚੀਨ ਦੀ ਵਿਦੇਸ਼ ਮੰਤਰਾਲੇ ਦੀ ਬੁਲਾਰਾ ਹੁਆ ਚੁਨਿਯੰਗ ਨੇ ਬੀਜਿੰਗ ਵਿਚ ਕਿਹਾ ਕਿ ਸਾਡੀਆਂ ਅਦਾਲਤਾਂ ਕਾਨੂੰਨ ਮੁਤਾਬਕ ਕੰਮ ਕਰਦੀਆਂ ਹਨ। ਅਸੀਂ ਉਨ੍ਹਾਂ ਦੇ ਜਾਇਜ਼ ਅਧਿਕਾਰਾਂ ਤੇ ਹਿੱਤਾਂ ਦੀ ਪੂਰੀ ਗਾਰੰਟੀ ਦਿੰਦੇ ਹਾਂ। ਯਾਂਗ ਸਿਹਤਮੰਦ ਹਨ ਅਤੇ ਉਨ੍ਹਾਂ ਉੱਤੇ ਕਿਸੇ ਤਰ੍ਹਾਂ ਦਾ ਤਸ਼ੱਦਦ ਨਹੀਂ ਕੀਤਾ ਗਿਆ।

# ਮੱਧ ਪ੍ਰਦੇਸ਼ ਦੇ 10ਵੀਂ ਜਮਾਤ ਦੇ ਮਾਡਲ ਟੈਸਟ ਪੇਪਰ ਵਿੱਚ ਗਾਂਧੀ ਨੂੰ ਕੁਬੁੱਧੀ ਦੱਸਿਆ ਗਿਆ

ਭੋਪਾਲ, 2 ਦਸੰਬਰ (ਪੋਸਟ ਬਿਊਰੋ)- ਮਹਾਤਮਾ ਗਾਂਧੀ ਦੇ ਕਾਤਲ ਨੱਥੂ ਰਾਮ ਗੌਡਸੇ ਬਾਰੇ ਵਿਵਾਦ ਅਜੇ ਰੁਕਿਆ ਨਹੀਂ ਹੈ ਕਿ ਮੱਧ ਪ੍ਰਦੇਸ਼ ਵਿੱਚ ਕਮਲਨਾਥ ਸਰਕਾਰ ਦੇ ਇੱਕ ਵਿਭਾਗ ਨੇ ਮਹਾਤਮਾ ਗਾਂਧੀ ਨੂੰ 'ਕੁਬੁੱਧੀ' ਦੱਸ ਦਿੱਤਾ ਹੈ। ਭਾਵੇਂ ਇਹ ਇੱਕ ਗਲਤੀ ਹੈ, ਪਰ ਇਸ 'ਤੇ ਹੰਗਾਮਾ ਖੜ੍ਹਾ ਹੋ ਗਿਆ ਹੈ।

ਅਸਲ ਵਿੱਚ ਮੱਧ ਪ੍ਰਦੇਸ਼ ਦੇ ਸਕੂਲ ਸਿਖਿਆ ਵਿਭਾਗ ਨੇ ਇਸ ਸਾਲ 10ਵੀਂ ਕਲਾਸ ਦੇ ਵਿਦਿਆਰਥੀਆਂ ਲਈ ਜੋ ਮਾਡਲ ਟੈਸਟ ਪੇਪਰ ਛਪਵਾਇਆ, ਉਸ ਵਿੱਚ ਉਨ੍ਹਾਂ ਤੋਂ ਇੱਕ ਵੱਡੀ ਗਲਤੀ ਹੋਈ ਹੈ। ਇਸ ਮਾਡਲ ਟੈਸਟ ਪੇਪਰ ਵਿੱਚ ਇੱਕ ਸਵਾਲ ਪੁੱਛਿਆ ਗਿਆ ਹੈ ਕਿ ਸੁਬੁੱਧੀ ਅਤੇ ਕੁਬੁੱਧੀ ਦੀਆਂ ਵਿਸ਼ੇਸ਼ਤਾਵਾਂ ਕੀ ਸਨ। ਜਵਾਬ ਵਿੱਚ ਜੋ ਲਿਖਿਆ ਗਿਆ ਹੈ, ਉਸ 'ਤੇ ਹੰਗਾਮਾ ਖੜ੍ਹਾ ਹੋ ਗਿਆ ਹੈ। ਇਸ ਸਵਾਲ ਦੇ ਜਵਾਬ ਵਿੱਚ ਲਿਖਿਆ ਗਿਆ ਹੈ, ਸੁਬੁੱਧੀ ਇੱਕ ਇਮਾਨਦਾਰ ਵਿਅਕਤੀ ਸੀ ਅਤੇ ਚੰਗੀ ਜ਼ਿੰਦਗੀ ਜਿਉਂਦਾ ਸੀ। ਇਸ ਦੇ ਅੱਗੇ ਲਿਖਿਆ ਹੈ ਕਿ ਕੁਬੁੱਧੀ ਵਿੱਚ ਕਈ ਐਬ ਸਨ ਅਤੇ ਉਹ ਸ਼ਰਾਬੀ ਤੇ ਗਾਂਧੀ ਜੀ ਵਰਗਾ ਜੀਵਨ ਜਿਉਂਦਾ ਸੀ। ਗਾਂਧੀ ਜੀ ਦੇ ਬਾਰੇ ਅਜਿਹੀਆਂ ਗੱਲਾਂ ਲਿਖਣ ਦੀ ਜਦ ਜਾਣਕਾਰੀ ਜਨਤਕ ਹੋਈ ਤਾਂ ਹੰਗਾਮਾ ਮਚ ਗਿਆ। ਬਾਅਦ ਵਿੱਚ ਸਪੱਸ਼ਟ ਕੀਤਾ ਗਿਆ ਕਿ ਜਵਾਬ ਵਿੱਚ ਗੈਂਬਲਿੰਗ ਦੀ ਜਗ੍ਹਾ ਗਾਂਧੀ ਜੀ ਪ੍ਰਿੰਟ ਹੋ ਗਿਆ ਸੀ, ਜਿਸ 'ਤੇ ਕਿਸੇ ਦਾ ਧਿਆਨ ਨਹੀਂ ਗਿਆ।

ਮਾਮਲਾ ਸਾਹਮਣੇ ਆਉਣ ਪਿੱਛੋਂ ਸਕੂਲੀ ਸਿਖਿਆ ਮੰਤਰੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਮੰਨਿਆ ਕਿ ਕਲਾਸ 10ਵੀਂ ਦੇ ਮਾਡਲ ਟੈਸਟ ਪੇਪਰ ਵਿੱਚ ਪ੍ਰਿੰਟਿੰਗ ਦੀ ਗਲਤੀ ਹੋਈ ਹੈ। ਅਸੀਂ ਇਸ ਦੀ ਜਾਂਚ ਕਰਵਾ ਕੇ ਦੋਸ਼ੀ ਅਧਿਕਾਰੀ 'ਤੇ ਸਖਤ ਕਾਰਵਾਈ ਕਰਾਂਗੇ। ਗਾਂਧੀ ਜੀ ਸਾਡੇ ਸਾਰਿਆਂ ਦੇ ਆਦਰਸ਼ ਹਨ। ਉਨ੍ਹਾਂ ਦੇ ਬਾਰੇ ਵਿੱਚ ਅਜਿਹੀਆਂ ਗੱਲਾਂ ਗਲਤੀ ਨਾਲ ਲਿਖਣਾ ਵੀ ਅਪਰਾਧ ਤੋਂ ਘੱਟ ਨਹੀਂ ਹੈ।

# ਹਾਂਗਕਾਂਗ 'ਚ ਅਮਰੀਕਾ ਦੇ ਧੰਨਵਾਦ ਬਹਾਨੇ ਇੱਕ ਹੋਰ ਰੈਲੀ



ਹਾਂਗਕਾਂਗ, 2 ਦਸੰਬਰ (ਪੋਸਟ ਬਿਊਰੋ)- ਹਾਂਗਕਾਂਗ 'ਚ ਕੱਲ੍ਹ ਦੁਪਹਿਰ ਸੈਂਕੜੇ ਲੋਕਾਂ ਵੱਲੋਂ ਚਾਰਟਰ ਗਾਰਡਨ ਸੈਂਟਰ ਤੋਂ ਅਮਰੀਕੀ ਦੂਤਘਰ ਤੱਕ ਅਮਰੀਕੀ ਸਰਕਾਰ ਵੱਲੋਂ ਲੋਕਤੰਤਰ ਪੱਖੀ ਧਿਰ ਦਾ ਸਪਸ਼ਟ ਸਮਰਥਨ ਕਰਨ ਉਤੇ 'ਥੈਂਕ ਯੂ ਯੂ ਐਸ' ਨਾਂਅ ਦੀ ਰੈਲੀ ਕਰਕੇ ਸੜਕਾਂ 'ਤੇ ਅਮਰੀਕੀ ਝੰਡੇ ਲਹਿਰਾਏ ਗਏ।

ਜ਼ਿਲ੍ਹਾ ਪ੍ਰੀਸ਼ਦ ਚੋਣਾਂ 'ਚ 90 ਫੀਸਦੀ ਸੀਟਾਂ 'ਤੇ ਹੋਈ ਵੱਡੀ ਜਿੱਤ ਦੇ ਬਾਵਜੂਦ ਲੋਕ ਆਪਣੇ ਸੰਘਰਸ਼ ਨੂੰ ਯਾਦ ਰੱਖਣ ਤੇ ਅਮਰੀਕਾ ਦਾ ਧੰਨਵਾਦ ਕਰਨ ਲਈ ਵੱਡੀ ਪੱਧਰ ਉੱਤੇ ਇਕੱਠੇ ਹੋਏ। ਪੁਲਸ ਨੇ ਇਸ ਰੈਲੀ ਨੂੰ ਗੈਰ-ਕਾਨੂੰਨੀ ਕਰਾਰ ਦਿੰਦਿਆਂ ਨੀਲੇ ਬੈਨਰ ਲਹਿਰਾ ਕੇ ਲੋਕਾਂ ਨੂੰ ਜਗ੍ਹਾ ਖਾਲੀ ਕਰਨ ਦੀ ਚਿਤਾਵਨੀ ਦਿੱਤੀ, ਪਰ ਲੋਕਾਂ 'ਤੇ ਇਸ ਦਾ ਕੋਈ ਅਸਰ ਨਹੀਂ ਹੋਇਆ, ਜਿਸ ਪਿੱਛੋਂ ਪੁਲਸ ਨੇ ਪ੍ਰਦਰਸ਼ਨਕਾਰੀਆਂ 'ਤੇ ਮਿਰਚ ਸਪਰੇਅ, ਰਬੜ ਦੀਆਂ ਗੋਲੀਆਂ ਤੇ ਹੰਝੂ ਗੈਸ ਦੀ ਵਰਤੋਂ ਕੀਤੀ, ਜਿਸ ਨਾਲ ਕਰੀਬ ਦੋ ਹਫਤਿਆਂ ਦੀ ਸ਼ਾਂਤੀ ਤੋਂ ਬਾਅਦ ਫਿਰ ਹਿੰਸਕ ਦੌਰ ਸ਼ੁਰੂ ਹੋ ਗਿਆ।

ਵਰਨਣ ਯੋਗ ਹੈ ਕਿ ਪਿਛਲੇ ਛੇ ਮਹੀਨਿਆਂ ਤੋਂ ਵੱਡੀ ਗਿਣਤੀ 'ਚ ਹਾਂਗਕਾਂਗ ਦੇ ਲੋਕ ਸੜਕਾਂ 'ਤੇ ਉਤਰ ਰੋਸ ਪ੍ਰਦਰਸ਼ਨ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਚੀਨ ਉਨ੍ਹਾਂ ਦੀ ਆਜ਼ਾਦੀ ਨੂੰ ਖਤਮ ਕਰ ਰਿਹਾ ਹੈ। ਇੱਕ ਵਿਅਕਤੀ ਨੇ ਕਿਹਾ ਕਿ ਮੈਂ ਸਰਕਾਰ ਨੂੰ ਇਹ ਸੰਦੇਸ਼ ਦੇਣਾ ਚਾਹੁੰਦਾ ਹਾਂ ਕਿ ਹੁਣ ਅਸੀ ਚੈਨ ਨਾਲ ਬੈਠਣ ਵਾਲੇ ਨਹੀਂ ਹਾਂ।

# ਚੀਨ ਵਿੱਚ ਨਵੇਂ ਫੋਨ ਨੰਬਰ ਲਈ ਫੇਸ ਸਕੈਨ ਜ਼ਰੂਰੀ



ਬੀਜਿੰਗ , 2 ਦਸੰਬਰ (ਪੋਸਟ ਬਿਊਰੋ)- ਚੀਨ ਵਿੱਚ ਅੱਜ ਤੋਂ ਨਵਾਂ ਫੋਨ ਨੰਬਰ ਲੈਣ ਵਾਲਿਆਂ ਲਈ ਫੇਸ (ਚਿਹਰਾ) ਸਕੈਨ ਕਰਵਾਉਣਾ ਲਾਜ਼ਮੀ ਕਰ ਦਿੱਤਾ ਗਿਆ ਹੈ। ਸੂਚਨਾ ਤਕਨਾਲੋਜੀ ਅਥਾਰਟੀ ਨੇ ਇਸ ਬਾਰੇ ਸਭ ਟੈਲੀਕਾਮ ਆਪ੍ਰੇਟਰਾਂ ਨੂੰ ਆਦੇਸ਼ ਜਾਰੀ ਕਰ ਦਿੱਤਾ ਹੈ।

ਇਸ ਸੰਬੰਧ ਵਿੱਚ ਚੀਨ ਦੇ ਉਦਯੋਗ ਤੇ ਸੂਚਨਾ ਤਕਨਾਲੋਜੀ ਮੰਤਰਾਲੇ ਨੇ ਸਤੰਬਰ ਮਹੀਨੇ ਵਿੱਚ ਨਾਗਰਿਕਾਂ ਦੇ ਆਨਲਾਈਨ ਹਿੱਤਾਂ ਦੀ ਰੱਖਿਆ ਲਈ ਇੱਕ ਨੋਟਿਸ ਜਾਰੀ ਕੀਤਾ ਸੀ। ਨਵੇਂ ਆਦੇਸ਼ ਨੂੰ ਉਸੇ ਸੰਦਰਭ ਵਿੱਚ ਦੇਖਿਆ ਜਾ ਰਿਹਾ ਹੈ। ਇਸ ਆਦੇਸ਼ ਵਿੱਚ ਕਿਹਾ ਗਿਆ ਹੈ ਕਿ ਸਰਕਾਰੀ ਦੂਰਸੰਚਾਰ ਕੰਪਨੀ ਚਾਈਨਾ ਯੂਨੀਕਾਮ ਦੇ ਗਾਹਕ ਸੇਵਾ ਪ੍ਰਤੀਨਿਧੀ ਅਨੁਸਾਰ ਨਵੇਂ ਨਿਯਮਾਂ ਹੇਠ ਨਵਾਂ ਫੋਨ ਨੰਬਰ ਲੈਣ ਵਾਲਿਆਂ ਨੂੰ ਵੱਖ-ਵੱਖ ਪਾਸਿਆਂ ਤੋਂ ਫੋਟੋ ਸਕੈਨ ਕਰਵਾਉਣੇ ਪੈਣਗੇ। ਸਤੰਬਰ ਵਿੱਚ ਜਾਰੀ ਨੋਟਿਸ ਵਿੱਚ ਕਿਹਾ ਗਿਆ ਸੀ ਕਿ ਅਗਲੇ ਪੜਾਅ ਵਿੱਚ ਇਹ ਮੰਤਰਾਲਾ ਫੋਨ ਨੰਬਰ ਲਈ ਵਾਸਤਵਿਕ ਨਾਂ ਰਜਿਸਟਰੇਸ਼ਨ ਨੂੰ ਸਖਤੀ ਨਾਲ ਲਾਗੂ ਕਰੇਗਾ। ਸਰਕਾਰ ਦੇ ਇਸ ਕਦਮ ਉੱਤੇ ਸੋਸ਼ਲ ਮੀਡੀਆ ਵਿੱਚ ਵੱਖ-ਵੱਖ ਪ੍ਰਤੀਕ੍ਰਿਆਵਾਂ ਦੇਖਣ ਨੂੰ ਮਿਲੀਆਂ ਹਨ। ਕੁਝ ਯੂਜ਼ਰ ਨੇ ਆਪਣੇ ਬਾਇਓ ਮੀਟ੍ਰਿਕ ਡਾਟਾ ਦੇ ਲੀਕ ਹੋਣ ਅਤੇ ਵੇਚੇ ਜਾਣ ਬਾਰੇ ਚਿੰਤਾ ਪ੍ਰਗਟਾਈ ਹੈ। ਚੀਨ ਦੇ ਸੋਸ਼ਨ ਮੀਡੀਆ ਪਲੇਟਫਾਰਮ ਵੀਬੋ 'ਤੇ ਇੱਕ ਯੂਜ਼ਰ ਨੇ ਲਿਖਿਆ, ਇਹ ਕੰਟਰੋਲ ਦੀ ਇੱਕ ਆਪਣੀ ਹੱਦ ਹੈ। ਇੱਕ ਹੋਰ ਯੂਜ਼ਰ ਨੇ ਲਿਖਿਆ ਕੰਟਰੋਲ, ਜ਼ਿਆਦਾ ਕੰਟਰੋਲ। ਖੋਜ ਕਰਤਾਵਾਂ ਨੇ ਵੀ ਸਰਕਾਰ ਨੂੰ ਫੇਸ ਸਕੈਨ ਦੇ ਅੰਕੜਿਆਂ ਨੂੰ ਇਕੱਠਾ ਕਰਨ ਨਾਲ ਜੁੜੀ ਨਿੱਜੀ ਜਾਣਕਾਰੀ ਦੇ ਜੋਖਮਾਂ ਨੂੰ ਲੈ ਕੇ ਚਿਤਾਵਨੀ ਦਿੱਤੀ ਹੈ।

# ਔਰਤਾਂ ਸਭ ਤੋਂ ਵੱਧ ਅਣ-ਸੁਰੱਖਿਅਤ ਭੋਪਾਲ, ਗਵਾਲੀਅਰ ਅਤੇ ਜੋਧਪੁਰ ਵਿੱਚ




ਨਵੀਂ ਦਿੱਲੀ, 2 ਦਸੰਬਰ (ਪੋਸਟ ਬਿਊਰੋ)- ਭੋਪਾਲ, ਗਵਾਲੀਅਰ ਤੇ ਜੋਧਪੁਰ 'ਚ ਕਰੀਬ 90 ਫੀਸਦੀ ਔਰਤਾਂ ਸੁੰਨਸਾਨ ਥਾਂਵਾਂ ਤੇ ਅਸੁਰੱਖਿਅਤ ਇਲਾਕਿਆਂ ਦੇ ਕਾਰਨ ਖੁਦ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰਦੀਆਂ।

ਇੱਕ ਸਰਵੇਖਣ 'ਚ ਦੱਸਿਆ ਗਿਆ ਹੈ ਕਿ ਕੁਆਰੀਆਂ ਲੜਕੀਆਂ ਅਤੇ ਵਿਦਿਆਰਥਣਾਂ ਨੂੰ ਜਿਨਸੀ ਛੇੜਛਾੜ ਦਾ ਵਧੇਰੇ ਖਤਰਾ ਹੈ। ਇਹ ਸਰਵੇਖਣ ਸਮਾਜਿਕ ਉਦਮ ਕਰਨ ਵਾਲੀ ਸੰਸਥਾ 'ਸੇਫਟੀਪਿੰਨ', ਸਰਕਾਰੀ ਸੰਗਠਨ ਕੇ ਓ ਆਈ ਸੀ ਏ (ਕੋਰੀਆ ਇੰਟਰਨੈਸ਼ਨਲ ਕਾਰਪੋਰੇਸ਼ਨ ਏਜੰਸੀ) ਅਤੇ ਐਨ ਜੀ ਓ ਏਸ਼ੀਆ ਫਾਊਂਡੇਸ਼ਨ ਵੱਲੋਂ ਕੀਤਾ ਗਿਆ ਹੈ। ਮੱਧ ਪ੍ਰਦੇਸ਼ ਦੇ ਭੋਪਾਲ ਅਤੇ ਗਵਾਲੀਅਰ ਅਤੇ ਰਾਜਸਥਾਨ ਦੇ ਜੋਧਪੁਰ ਵਿੱਚ ਕੀਤੇ 219 ਸਰਵੇਖਣਾਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਸ 89 ਫੀਸਦੀ ਔਰਤਾਂ ਦਾ ਕਹਿਣਾ ਹੈ ਕਿ ਉਹ ਸੁੰਨਸਾਨ ਇਲਾਕਿਆਂ 'ਚ ਖੁਦ ਨੂੰ ਅਸੁਰੱਖਿਅਤ ਮਹਿਸੂਸ ਕਰਦੀਆਂ ਹਨ, 63 ਫੀਸਦੀ ਔਰਤਾਂ ਸਰਕਾਰੀ ਬੱਸਾਂ ਦੇ ਲਗਭਗ ਖਾਲੀ ਹੋਣ 'ਤੇ ਡਰ ਜਾਂਦੀਆਂ ਹਨ ਅਤੇ 86 ਫੀਸਦੀ ਔਰਤਾਂ ਸ਼ਰਾਬ ਦੇ ਠੇਕਿਆਂ ਤੇ ਨਸ਼ੀਲੇ ਪਦਾਰਥਾਂ ਦੀ ਵਿਕਰੀ ਵਾਲੇ ਸਥਾਨਾਂ ਕੋਲੋਂ ਅਸੁਰੱਖਿਅਤ ਮਹਿਸੂਸ ਕਰਦੀਆਂ ਹਨ। ਸਰਵੇਖਣ ਮੁਤਾਬਕ ਔਰਤਾਂ ਨੂੰ ਬੱਸਾਂ, ਆਟੋ ਅਤੇ ਆਵਾਜਾਈ ਦੇ ਹੋਰ ਸਾਧਨਾਂ 'ਚ ਸਫਰ ਅਤੇ ਇਨ੍ਹਾਂ ਦੀ ਉਡੀਕ ਦੌਰਾਨ ਅਕਸਰ ਅਨੁਚਿਤ ਵਿਹਾਰ ਦਾ ਸਾਹਮਣਾ ਕਰਨਾ ਪੈਂਦਾ ਤੇ 57 ਫੀਸਦੀ ਵਿਦਿਆਰਥਣਾਂ ਤੇ 50.01 ਫੀਸਦੀ ਕੁਆਰੀਆਂ ਔਰਤਾਂ ਨੂੰ ਜਿਨਸੀ ਛੇੜਛਾੜ ਦਾ ਸਾਹਮਣਾ ਕਰਨਾ ਪੈਂਦਾ ਹੈ। ਸਰਵੇਖਣ ਮੁਤਾਬਕ ਔਰਤਾਂ ਨੂੰ ਘੂਰਨਾ, ਪਿੱਛਾ ਕਰਨਾ, ਫੱਬਤੀਆਂ ਕੱਸਣਾ ਤੇ ਛੂਹਣ ਦੀਆਂ ਘਟਨਾਵਾਂ 'ਚ ਵਾਧਾ ਹੋਇਆ ਹੈ।

# ਹਾਰ ਤੋਂ ਬਾਅਦ ਮਹਾਰਾਸ਼ਟਰ ਦੀ ਭਾਜਪਾ ਵਿੱਚ ਬਗਾਵਤ ਵਰਗੀ ਹਾਲਤ ਬਣੀ




ਮੁੰਬਈ, 2 ਦਸੰਬਰ (ਪੋਸਟ ਬਿਊਰੋ)- ਮਹਾਰਾਸ਼ਟਰ 'ਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸਰਕਾਰ ਜਾਂਦੇ ਸਾਰ ਹੀ ਸਾਬਕਾ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੇ ਵਿਰੁੱਧ ਬਗਾਵਤ ਦੇ ਸੁਰ ਉਠਣ ਲੱਗੇ ਹਨ। ਪਾਰਟੀ ਨੇਤਾ ਪੰਕਜਾ ਮੁੰਡੇ ਨੇ ਫੇਸਬੁਕ ਪੋਸਟ ਦੇ ਜ਼ਰੀਏ ਮਹਾਰਾਸ਼ਟਰ ਭਾਜਪਾ ਵਿੱਚ ਬਗਾਵਤ ਦੇ ਸੰਕੇਤ ਦਿੱਤੇ ਹਨ। ਉਸ ਨੇ ਆਪਣੇ ਪਿਤਾ ਗੋਪੀਨਾਥ ਮੁੰਡੇ ਦੀ ਬਰਸੀ ਉੱਤੇ 12 ਦਸੰਬਰ ਨੂੰ ਸਮਰਥਕਾਂ ਦੀ ਬੈਠਕ ਬੁਲਾਈ ਅਤੇ ਕਿਹਾ ਕਿ ਉਹ ਅੱਠ-ਦਸ ਦਿਨ 'ਚ ਵੱਡਾ ਫੈਸਲਾ ਲਵੇਗੀ। ਪੰਕਜਾ ਮੁੰਡੇ ਨੇ ਲਿਖਿਆ ਹੈ ਕਿ ਚੋਣਾਂ 'ਚ ਹਾਰ ਪਿੱਛੋਂ ਸਮਰਥਕਾਂ ਦੇ ਕਈ ਫੋਨ ਮੈਸੇਜ ਆਏ ਤੇ ਮਿਲਣ ਦੀ ਅਪੀਲ ਕੀਤੀ ਗਈ, ਪਰ ਸਿਆਸੀ ਸਥਿਤੀ ਅਜਿਹੀ ਸੀ ਕਿ ਸਮਰਥਕਾਂ ਨਾਲ ਮਿਲਣਾ ਨਹੀਂ ਹੋ ਸਕਿਆ।

ਫੜਨਵੀਸ ਸਰਕਾਰ ਵਿੱਚ ਸਾਬਕਾ ਮੰਤਰੀ ਪੰਕਜਾ ਮੁੰਡੇ ਆਪਣੇ ਗੜ੍ਹ ਪਰਲੀ ਤੋਂ ਚੋਣ ਹਾਰ ਗਈ ਸੀ। ਉਨ੍ਹਾਂ ਨੂੰ ਉਨ੍ਹਾਂ ਦੇ ਚਚੇਰੇ ਭਰਾ ਧਨੰਜੈ ਮੁੰਡੇ ਨੇ ਹਰਾਇਆ ਸੀ। ਧਨੰਜੈ ਮੁੰਡੇ ਇਸ ਵੇਲੇ ਊਧਵ ਠਾਕਰੇ ਸਰਕਾਰ ਦੇ ਨਾਲ ਹਨ। ਇਸ ਤੋਂ ਪਹਿਲਾਂ ਮਹਾਰਾਸ਼ਟਰ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਧਨੰਜੈ ਮੁੰਡੇ ਨੇ ਆਪਣੀ ਭੈਣ ਨੂੰ ਤੀਹ ਹਜ਼ਾਰ ਵੋਟਾਂ ਨਾਲ ਹਰਾਇਆ ਹੈ। ਫੇਸਬੁਕ ਪੋਸਟ 'ਚ ਪੰਕਜਾ ਮੁੰਡੇ ਨੇ ਲਿਖਿਆ ਹੈ, 'ਬਦਲੇ ਸਿਆਸੀ ਦ੍ਰਿਸ਼ 'ਚ ਭਵਿੱਖ ਦੀ ਕਾਰਵਾਈ 'ਤੇ ਫੈਸਲਾ ਲਿਆ ਜਾਣਾ ਜ਼ਰੂਰੀ ਹੈ। ਅਗਲੇ ਅੱਠ-ਦਸ ਦਿਨ 'ਚ ਤੈਅ ਕਰਾਂਗੀ ਕਿ ਅੱਗੇ ਕੀ ਕਰਨਾ ਹੈ, ਕਿਸ ਰਸਤੇ 'ਤੇ ਮੈਂ ਚੱਲਣਾ ਹੈ। ਸਾਡੀ ਮਜ਼ਬੂਤੀ ਹੈ, ਇਸ 'ਤੇ ਧਿਆਨ ਦੇਣਾ ਜ਼ਰੂਰੀ ਹੈ।'

ਇਸ ਦੌਰਾਨ ਸ਼ਿਵ ਸੈਨਾ ਦੇ ਸੀਨੀਅਰ ਨੇਤਾ ਸੰਜੇ ਰਾਊਤ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੀ ਸੱਤਾ ਹਾਸਲ ਕਰਨ ਦੀ ਜਲਦਬਾਜ਼ੀ ਤੇ ਬਚਕਾਨੀਆਂ ਹਰਕਤਾਂ ਮਹਾਰਾਸ਼ਟਰ 'ਚ ਭਾਜਪਾ ਨੂੰ ਲੈ ਡੁੱਬੀਆਂ ਹਨ ਅਤੇ ਫੜਨਵੀਸ ਨੂੰ ਵਿਰੋਧੀ ਧਿਰ 'ਚ ਬੈਠਣਾ ਪੈ ਗਿਆ ਹੈ। ਸੰਜੇ ਰਾਊਤ ਨੇ ਸ਼ਿਵ ਸੈਨਾ ਦੇ ਮੁੱਖ ਪੱਤਰ 'ਸਾਮਨਾ' ਵਿੱਚ ਆਪਣੇ 'ਰੋਖਠੋਖ' ਕਾਲਮ ਵਿੱਚ ਲਿਖਿਆ ਹੈ ਕਿ ਸ਼ਿਵ ਸੈਨਾ ਮੁਖੀ ਊਧਵ ਠਾਕਰੇ, ਐਨ ਸੀ ਪੀ ਦੇ ਪ੍ਰਧਾਨ ਸ਼ਰਦ ਪਵਾਰ ਤੇ ਕਾਂਗਰਸ ਨੇਤਾ ਸੋਨੀਆ ਗਾਂਧੀ ਦੇ ਇਕੱਠੇ ਹੋਣ ਨਾਲ ਮਹਾਰਾਸ਼ਟਰ ਵਿੱਚ ਜੋ ਹੋਇਆ, ਉਹ ਦੇਸ਼ ਨੂੰ ਸਵੀਕਾਰ ਹੈ।

ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਇੱਕ ਵਾਰ ਫਿਰ ਸੱਤਾ ਵਿੱਚ ਵਾਪਸ ਆਉਣ ਦੀ ਗੱਲ ਕਹੀ ਹੈ। ਉਨ੍ਹਾਂ ਨੇ ਕੱਲ੍ਹ ਕਿਹਾ ਕਿ ਕਦੋਂ ਵਾਪਸ ਆਵਾਂਗਾ, ਇਹ ਨਹੀਂ ਪਤਾ, ਪਰ ਪਰਤ ਕੇ ਜ਼ਰੂਰ ਆਵਾਂਗਾ। ਊਧਵ ਠਾਕਰੇ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਫੜਨਵੀਸ ਨੇ ਕਿਹਾ, 'ਮੇਰਾ ਪਾਣੀ ਉਤਰਿਆ ਦੇਖ ਕੇ ਕੰਢੇ 'ਤੇ ਘਰ ਨਾ ਵਸਾ ਲੈਣਾ, ਮੈਂ ਸਮੁੰਦਰ ਹਾਂ, ਪਰਤ ਕੇ ਜ਼ਰੂਰ ਆਵਾਂਗਾ।' ਫੜਨਵੀਸ ਦੇ ਬੋਲਣ ਪਿੱਛੋਂ ਮਹਾਰਾਸ਼ਟਰ ਦੇ ਮੁੱਖ ਮੰਤਰੀ ਊਧਵ ਠਾਕਰੇ ਵੀ ਪਿੱਛੇ ਨਹੀਂ ਰਹੇ ਤੇ ਉਨ੍ਹਾਂ ਨੇ ਫੜਨਵੀਸ 'ਤੇ ਵਿਅੰਗ ਕਰਦੇ ਹੋਏ ਕਿਹਾ ਕਿ ਕਦੇ ਨਾ ਕਹਿਣਾ, ਮੈਂ ਪਰਤਾਂਗਾ।

# ਤੁਸੀਂ ਪੁਲਾੜ ਵਿੱਚ ਵੀ ਵਿਆਹ ਕਰ ਸਕਦੇ ਹੋ

ਲੰਡਨ, 2 ਦਸੰਬਰ (ਪੋਸਟ ਬਿਊਰੋ)- ਹਰ ਕੋਈ ਪੁਲਾੜ ਵਿੱਚ ਜਾਣ ਦੀ ਖਾਹਿਸ਼ ਰੱਖਦਾ ਹੈ, ਪਰ ਆਮ ਆਦਮੀ ਲਈ ਇਹ ਕਿਸੇ ਸੁਫਨੇ ਵਰਗਾ ਹੁੰਦਾ ਹੈ। ਨਾਲ ਹਰ ਕੋਈ ਆਪਣੇ ਵਿਆਹ ਨੂੰ ਯਾਦਗਾਰ ਬਣਾਉਣੇ ਲਈ ਸਾਰੀਆਂ ਕੋਸ਼ਿਸ਼ਾਂ ਕਰਦਾ ਹੈ। ਇਸ ਵਿੱਚ ਸਭ ਤੋਂ ਵੱਡਾ ਮਸਲਾ ਹੁੰਦਾ ਹੈ ਵੈਡਿੰਗ ਡੈਸਟੀਨੇਸ਼ਨ ਯਾਨੀ ਉਹ ਥਾਂ ਜਿੱਥੇ ਸਮਾਗਮ ਆਯੋਜਤ ਕੀਤਾ ਜਾਂਦਾ ਹੈ। ਕੀ ਤੁਸੀਂ ਕਦੇ ਇਹ ਕਲਪਨਾ ਕੀਤੀ ਹੈ ਕਿ ਧਰਤੀ ਦੀ ਥਾਂ ਤੁਸੀਂ ਪੁਲਾੜ ਵਿੱਚ ਚੰਨ-ਤਾਰਿਆਂ ਦੀ ਛਾਂ ਵਿੱਚ ਆਪਣੇ ਜੀਵਨ ਸਾਥੀ ਨੂੰ ਹਮੇਸ਼ਾ ਲਈ ਆਪਣਾ ਬਣਾਓਗੇ?

ਭਾਵੇਂ ਇਹ ਫਿਲਹਾਲ ਸੰਭਵ ਨਹੀਂ ਜਾਪਦਾ, ਪਰ ਬ੍ਰਿਟੇਨ ਦੇ ਇੱਕ ਸ਼ਹਿਰ ਵਿੱਚ ਤੁਸੀਂ ਇਨਸਾਨ ਵੱਲੋਂ ਬਣਾਏ ਗਏ ਪੁਲਾੜ ਸਥਾਨ ਵਿੱਚ ਵਿਆਹ ਕਰਨ ਦਾ ਮੌਕਾ ਲੈ ਸਕਦੇ ਹੋ। ਇਹ ਸ਼ਹਿਰ ਤੁਹਾਨੂੰ ਪੁਲਾੜ ਵਰਗੇ ਮਾਹੌਲ ਵਿੱਚ ਵਿਆਹ ਦਾ ਅਨੁਭਵ ਕਰਵਾ ਸਕਦਾ ਹੈ। ਇਥੇ ਨਾ ਸਿਰਫ ਵੈਡਿੰਗ ਡੈਸਟੀਨੇਸ਼ਨ ਪੁਲਾੜ ਵਰਗੀ ਦਿਸੇਗ ਸਗੋਂ ਬਰਾਤੀ ਵੀ ਪੁਲਾੜ ਯਾਤਰੀਆਂ ਵਰਗੇ ਕੱਪੜਿਆਂ ਵਿੱਚ ਨਜ਼ਰ ਆਉਣਗੇ। ਇਹ ਜਗ੍ਹਾ ਲਿਸਟਰ ਸ਼ਹਿਰ ਵਿੱਚ ਹੈ। ਇਥੇ ਵਿਆਹ ਕਰਾਉਣ ਵਾਲੇ ਪਾਦਰੀਆਂ ਜਾਂ ਪੰਡਤਾਂ ਦੇ ਨਾਲ ਵਿਆਹ ਦੇ ਮਹਿਮਾਨਾਂ ਨੂੰ ਵੀ ਪੁਲਾੜ ਯਾਤਰੀਆਂ ਵਜੋਂ ਤਿਆਰ ਕੀਤਾ ਜਾਂਦਾ ਹੈ।


FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ਼ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

# ਕਿਸਾਨ ਨੇ ਪਹਿਲਾਂ ਖੇਤ ਵਿੱਚ ਵੀਡੀਓ ਬਣਾ ਕੇ ਫੇਸਬੁਕ ਉੱਤੇ ਪਾ ਕੇ ਜ਼ਹਿਰ ਖਾ ਲਿਆ

ਬਠਿੰਡਾ, 2 ਦਸੰਬਰ (ਪੋਸਟ ਬਿਊਰੋ)- ਇਸ ਜ਼ਿਲੇ ਦੇ ਪਿੰਡ ਜਿਉਂਦ ਦੇ ਕਿਸਾਨ ਸੁਦਾਗਰ ਸਿੰਘ ਨੇ ਜ਼ਮੀਨ 'ਤੇ ਕਬਜ਼ੇ ਦੇ ਕੇਸ ਵਿੱਚ ਪੁਲਸ ਵੱਲੋਂ ਕਾਰਵਾਈ ਨਾ ਕੀਤੇ ਜਾਣ ਤੇ ਦਬੰਗਾਂ ਤੋਂ ਪ੍ਰੇਸ਼ਾਨ ਹੋ ਕੇ ਫੇਸਬੁਕ 'ਤੇ ਲਾਈਵ ਹੋ ਕੇ ਜ਼ਹਿਰ ਖਾ ਲਿਆ ਹੈ। ਉਸ ਨੂੰ ਗੰਭੀਰ ਹਾਲਤ ਵਿੱਚ ਰਾਮ-ਪੁਰਾ ਫੂਲ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ ਹੈ। ਜ਼ਹਿਰੀਲੀ ਚੀਜ਼ ਨਿਗਲਣ ਤੋਂ ਪਹਿਲਾਂ ਉਸ ਨੇ ਆਪਣੀ ਵੀਡੀਓ ਤਿਆਰ ਕੀਤੀ ਤੇ ਫਿਰ ਉਸ ਦੇ ਬਾਅਦ ਕੀਟਨਾਸ਼ਕ ਨਿਗਲਿਆ।



ਉਸ ਨੇ ਵੀਡੀਓ ਵਿੱਚ ਪਿੰਡ ਦੇ ਕਰੀਬ 20 ਲੋਕਾਂ ਨੂੰ ਇਸ ਘਟਨਾ ਦੇ ਲਈ ਜ਼ਿੰਮੇਵਾਰ ਠਹਿਰਾਇਆ ਹੈ।

ਕੱਲ੍ਹ ਸ਼ਾਮ ਸੁਦਾਗਰ ਸਿੰਘ ਪੁੱਤਰ ਸੁਰਜੀਤ ਸਿੰਘ ਨੇ ਆਪਣੇ ਖੇਤ ਵਿੱਚ ਬਣਾਏ ਵੀਡੀਓ ਵਿੱਚ ਦੱਸਿਆ ਕਿ ਕੁਝ ਸਮਾਂ ਪਹਿਲਾਂ ਉਸ ਨੇ ਆਪਣਾ ਕਰਜ਼ਾ ਉਤਾਰਨ ਲਈ ਜ਼ਮੀਨ ਵੇਚੀ ਸੀ। ਪਿੰਡ ਵਿੱਚ ਨਵੀਂ ਜਗ੍ਹਾ 'ਤੇ ਪੰਜ ਏਕੜ ਜ਼ਮੀਨ ਖਰੀਦ ਲਈ ਸੀ। ਇਸ ਵਿੱਚ ਉਹ ਖੇਤੀ ਕਰ ਰਿਹਾ ਸੀ। ਉਸ ਦੀ ਇਸ ਜ਼ਮੀਨ 'ਤੇ ਪਿੰਡ ਦੇ ਕੁਝ ਲੋਕ ਕਬਜ਼ਾ ਕਰਨ ਦੀ ਕੋਸ਼ਿਸ਼ ਕਰਨ ਲੱਗੇ, ਜਿਸ ਦੌਰਾਨ ਉਸ ਦੇ ਖੇਤ ਦੀ ਪਰਾਲੀ ਅੱਗ ਲਾ ਕੇ ਸਾੜ ਦਿੱਤੀ ਗਈ ਸੀ। ਉਹ ਆਪਣੇ ਖੇਤ ਵਿੱਚ ਕਮਰਾ ਬਣਾਉਣ ਲਈ ਇੱਟਾਂ ਲੈ ਕੇ ਆਇਆ ਤਾਂ ਦਬੰਗਾਂ ਨੇ ਉਸ ਨੂੰ ਜਾਨ ਤੋਂ ਮਾਰਨ ਦੀ ਕੋਸ਼ਿਸ਼ ਕੀਤੀ ਤੇ ਖੇਤ ਤੋਂ ਭਜਾ ਦਿੱਤਾ। ਪੁਲਸ ਨੂੰ ਸ਼ਿਕਾਇਤ ਕੀਤੀ ਤਾਂ ਕਾਰਵਾਈ ਨਹੀਂ ਹੋਈ। ਇਸ ਤੋਂ ਪ੍ਰੇਸ਼ਾਨ ਹੋ ਕੇ ਉਹ ਖੁਦਕੁਸ਼ੀ ਕਰ ਰਿਹਾ ਹੈ।

ਥਾਣਾ ਸਦਰ ਰਾਮਪੁਰਾ ਫੂਲ ਦੇ ਇੰਚਾਰਜ ਭੁਪਿੰਦਰ ਸਿੰਘ ਨੇ ਕਿਹਾ ਕਿ ਹਾਲਤ ਗੰਭੀਰ ਹੋਣ ਦੇ ਕਾਰਨ ਹਸਪਤਾਲ ਵਿੱਚ ਸੁਦਾਗਰ ਦੇ ਬਿਆਨ ਨਹੀਂ ਲਏ ਜਾ ਸਕੇ। ਬਿਆਨ ਦੇ ਬਾਅਦ ਹੀ ਬਣਦੀ ਕਾਰਵਾਈ ਕੀਤੀ ਜਾਵੇਗੀ।

# ਇਰਾਦਾ ਕਤਲ ਦੇ ਦੋਸ਼ੀ ਨੇ ਫੇਸਬੁੱਕ ਸ਼ਰੇਆਮ ਉੱਤੇ ਲਾਈਵ ਹੋ ਕੇ ਮਨਾਈ ਜਨਮ ਦਿਨ ਦੀ ਪਾਰਟੀ

ਜਲੰਧਰ, 2 ਦਸੰਬਰ (ਪੋਸਟ ਬਿਊਰੋ)- ਇਸ ਮਹਾਨਗਰ ਵਿੱਚ 12 ਦਿਨ ਪਹਿਲਾਂ ਰੇਲਵੇ ਸਟੇਸ਼ਨ ਨੇੜੇ ਕਾਂਗਰਸੀ ਆਗੂ ਮਨੂ ਸੂਰੀ 'ਤੇ ਜਾਨਲੇਵਾ ਹਮਲਾ ਕਰਨ ਦੇ ਦੋਸ਼ੀ ਸ਼ਰੇਆਮ ਸੋਸ਼ਲ ਮੀਡੀਆ ਉਤੇ ਲਾਈਵ ਹੋ ਕੇ ਜਨਮ ਦਿਨ ਦੀ ਪਾਰਟੀ ਮਨਾਉਂਦੇ ਰਹੇ, ਪਰ ਪੁਲਸ ਸੁੱਤੀ ਰਹੀ। ਮਾਮਲੇ ਦੀ ਪੋਲ ਉਸ ਵੇਲੇ ਖੁੱਲ੍ਹੀ, ਜਦੋਂ ਪੁਲਸ ਨੂੰ ਲੋੜੀਂਦੇ ਦੋਸ਼ੀ ਦੀਆਂ ਇੱਕ ਜਨਮ ਦਿਨ ਦੀ ਪਾਰਟੀ 'ਚ ਹਾਜ਼ਰੀ ਦੀਆਂ ਤਸਵੀਰਾਂ ਤੇ ਵੀਡੀਓ ਵਾਇਰਲ ਹੋ ਗਈ।



ਇਸ ਕੇਸ 'ਚ ਪੁਲਸ ਨੇ ਦੋ ਮੁਲਜ਼ਮਾਂ ਨੂੰ ਕਾਬੂ ਕਰਕੇ ਪਹਿਲਾਂ ਜੇਲ੍ਹ ਭੇਜ ਦਿੱਤਾ ਹੈ, ਪਰ ਮੁੱਖ ਦੋਸ਼ੀ ਨੂੰ ਫੜਨਾ ਅਜੇ ਪੁਲਸ ਲਈ ਚੈਲਿੰਜ ਬਣਿਆ ਹੋਇਆ ਹੈ। ਪੁਲਸ ਰਿਕਾਰਡ ਮੁਤਾ-ਬਕ ਉਕਤ ਦੋਸ਼ੀ ਹੱਤਿਆ ਦੀ ਕੋਸ਼ਿਸ਼ ਦੇ ਕੇਸ 'ਚ ਫਰਾਰ ਹੈ, ਪਰ ਪੁਲਸ ਨੇ ਉਸ ਦੀ ਫੇਸਬੁੱਕ ਟਾਈਮ ਲਾਈਨ ਨੂੰ ਟਰੇਸ ਕਰਨਾ ਵੀ ਜ਼ਰੂਰੀ ਨਹੀਂ ਸਮਝਿਆ। 19 ਨਵੰਬਰ ਦੀ ਸਵੇਰ ਸਮੇਂ ਮਨੂ ਸੂਰੀ 'ਤੇ ਰੇਲਵੇ ਸਟੇਸ਼ਨ ਦੇ ਨਜ਼ਦੀਕ ਕਾਂਗੜਾ ਢਾਬੇ ਦੇ ਬਾਹਰ ਹੋਏ ਜਾਨਲੇਵਾ ਹਮਲੇ ਦੇ ਕੇਸ 'ਚ ਕਈ ਦਿਨ ਬੀਤ ਜਾਣ 'ਤੇ ਵੀ ਮੁੱਖ ਦੋਸ਼ੀ ਗੌਰਵ ਸ਼ਰਮਾ ਤੇ ਨੋਨੀ ਸ਼ਰਮਾ ਤੇ ਪਾਰਸ ਅਰੋੜਾ ਸਮੇਤ ਹੋਰ ਦੋਸ਼ੀਆਂ ਤੱਕ ਪੁਲਸ ਅਜੇ ਨਹੀਂ ਪਹੁੰਚੀ। ਇਸੇ ਦੌਰਾਨ 28 ਨਵੰਬਰ ਨੂੰ ਫੇਸਬੁੱਕ 'ਤੇ ਲਾਈਵ ਹੋ ਕੇ ਮੋਹਾਲੀ ਦੇ ਹੋਟਲ ਬ੍ਰਯੂ ਬ੍ਰਦਰਜ਼ 'ਚ ਮੁੱਖ ਮੁਲਜ਼ਮ ਪਾਰਸ ਅਰੋੜਾ ਦਾ ਉਸ ਦੇ ਸਾਥੀਆਂ ਨੇ ਜਨਮ ਦਿਨ ਮਨਾਇਆ, ਜਿਸ 'ਚ ਬਰਥ ਡੇਅ ਬੁਆਏ ਪਾਰਸ ਅਰੋੜਾ ਤੇ ਨੋਨੂ ਸ਼ਰਮਾ ਦੋਵੇਂ ਮੌਜੂਦ ਸਨ।

# ਕਾਰ-ਟਰੱਕ ਟੱਕਰ ਵਿੱਚ ਚਾਰ ਦੋਸਤਾਂ ਦੀ ਮੌਤ

ਕੁਰਾਲੀ, 2 ਦਸੰਬਰ (ਪੋਸਟ ਬਿਊਰੋ)- ਨੇੜਲੇ ਪਿੰਡ ਖਿਜ਼ਰਾਬਾਦ ਤੋਂ ਹਰਿਆਣਾ ਦੇ ਜੀਂਦ ਨੇੜੇ ਇੱਕ ਵਿਆਹ 'ਚ ਗਏ ਚਾਰ ਦੋਸਤਾਂ ਦੀ ਸੜਕ ਹਾਦਸੇ ਵਿੱਚ ਮੌਤ ਹੋ ਗਈ। ਇਹ ਸਾਰੇ ਮਿਲ ਕੇ ਲੱਕੜ ਦਾ ਕਾਰੋਬਾਰ ਕਰਦੇ ਸਨ।

ਪਤਾ ਲੱਗਾ ਹੈ ਕਿ ਖਿਜ਼ਰਾਬਾਦ ਵਿੱਚ ਲੱਕੜ ਦਾ ਕਾਰੋਬਾਰ ਕਰਨ ਵਾਲੇ ਰਾਮ ਸਿੰਘ ਵਾਸੀ ਮਾਜਰੀ ਕਲੋਨੀ ਦੇ ਦੋਸਤ ਦਾ ਹਰਿਆਣੇ ਦੇ ਜੀਂਦ ਨੇੜੇ ਕਿਸੇ ਪਿੰਡ ਵਿੱਚ ਵਿਆਹ ਸੀ। ਇਸ ਵਿਆਹ ਲਈ ਦੋਸਤ ਵੱਲੋਂ ਰਾਮ ਸਿੰਘ ਨਾਲ ਕਾਰੋਬਾਰ ਕਰਨ ਵਾਲੇ ਉਸ ਦੇ ਤਿੰਨਾਂ ਸਾਥੀਆਂ ਨੂੰ ਵੀ ਸੱਦਾ ਦਿੱਤਾ ਸੀ। ਵਿਆਹ ਵਿੱਚ ਸ਼ਾਮਲ ਹੋਣ ਲਈ ਚਾਰੋਂ ਜਣੇ ਆਪਣੀ ਆਲਟੋ ਕਾਰ 'ਚ ਕੱਲ੍ਹ ਖਿਜ਼ਰਾਬਾਦ ਤੋਂ ਗਏ ਸਨ। ਉਥੋਂ ਵਿਆਹ ਦੇ ਬਾਅਦ



ਜਦੋਂ ਚਾਰੋਂ ਜਣੇ ਵਾਪਸ ਪਰਤ ਰਹੇ ਸਨ ਤਾਂ ਰਾਤ ਕੈਥਲ ਤੇ ਪਿਹੋਵਾ ਵਿਚਾਲੇ ਉਨ੍ਹਾਂ ਦੀ ਕਾਰ ਦੀ ਟਰੱਕ ਨਾਲ ਟੱਕਰ ਹੋ ਗਈ। ਇਸ ਹਾਦਸੇ ਵਿੱਚ ਦੋ ਜਣਿਆਂ ਦੀ ਮੌਕੇ 'ਤੇ ਮੌਤ ਹੋ ਗਈ ਤੇ ਦੋ ਹੋਰ ਹਸਪਤਾਲ ਪੁੱਜਣ ਤੋਂ ਪਹਿਲਾਂ ਹੀ ਦਮ ਤੋੜ ਗਏ। ਮ੍ਰਿਤਕਾਂ ਦੀ ਪਛਾਣ ਰਾਮ ਸਿੰਘ ਵਾਸੀ ਮਾਜਰੀ ਕਲੋਨੀ, ਸੁਰਿੰਦਰ ਕੁਮਾਰ ਵਾਸੀ ਖਿਜ਼ਰਾਬਾਦ, ਰਜਿੰ-ਦਰਪਾਲ ਵਾਸੀ ਖਿਜ਼ਰਾਬਾਦ ਅਤੇ ਭੂਸ਼ਣ ਸਿੰਘ ਵਾਸੀ ਹਰੀਪੁਰ ਬਰਦਾਰ ਵਜੋਂ ਹੋਈ ਹੈ। ਸਾਰੇ ਮ੍ਰਿਤਕ ਵਿਆਹੇ ਹੋਏ ਸਨ ਤੇ ਚਾਰਾਂ ਦੇ ਹੀ ਇੱਕ-ਇੱਕ ਲੜਕਾ ਅਤੇ ਇੱਕ-ਇੱਕ ਲੜਕੀ ਹੈ। ਆਪੋ-ਆਪਣੇ ਪਰਵਾਰ ਵਿੱਚ ਕਮਾਉਣ ਵਾਲੇ ਉਹ ਇਕਲੌਤੇ ਹੀ ਸਨ।

# ਭਾਜਪਾ ਨੇਤਾ ਦੀ ਗੱਡੀ ਨੇ ਤਿੰਨ ਜਣਿਆਂ ਨੂੰ ਕੁਚਲਿਆ

ਗੜ੍ਹਸ਼ੰਕਰ, 2 ਦਸੰਬਰ (ਪੋਸਟ ਬਿਊਰੋ)- ਇਥੇ ਨੰਗਲ ਰੋਡ 'ਤੇ ਕੱਲ੍ਹ ਸ਼ਾਮ ਇੱਕ ਤੇਜ਼ ਰਫਤਾਰ ਥਾਰ ਜੀਪ ਨੇ ਸਾਹਮਣੇ ਤੋਂ ਆਏ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਤੇ ਦੋ ਮਹਿਲਾ ਨੂੰ ਬੁਰੀ ਤਰ੍ਹਾਂ ਕੁਚਲ ਦਿੱਤਾ ਜਿਸ ਨਾਲ ਤਿੰਨਾਂ ਦੇ ਗੰਭੀਰ ਸੱਟਾਂ ਲੱਗ ਗਈਆਂ। ਹਾਦਸੇ ਪਿੱਛੋਂ ਜੀਪ ਚਾਲਕ ਨੇ ਗੱਡੀ ਰੋਕਣ ਦੀ ਥਾਂ ਦੌੜਾ ਲਈ। ਦੁਰਘਟਨਾ ਵਿੱਚ ਜੀਪ ਦਾ ਇੱਕ ਟਾਇਰ ਵੀ ਫੱਟ ਗਿਆ ਅਤੇ ਬਿਨ੍ਹਾਂ ਟਾਇਰ ਦੇ ਚਾਲਕ ਜੀਪ ਨੂੰ ਕਰੀਬ 400 ਮੀਟਰ ਚੱਲਾਉਦਾ ਰਿਹਾ। ਲੋਕਾਂ ਨੇ ਪਿੱਛਾ ਕਰ ਜਦੋਂ ਜੀਪ ਨੂੰ ਪਹਾੜੀ ਖੇਤਰ ਵਿੱਚ ਘੇਰ ਲਿਆ ਤਾਂ ਚਾਲਕ ਮੌਕੇ ਤੋਂ ਫਰਾਰ ਹੋ ਗਿਆ।

ਇਹ ਜੀਪ ਗੜ੍ਹਸ਼ੰਕਰ ਤੋਂ ਨੰਗਲ ਵੱਲ ਜਾ ਰਹੀ ਸੀ ਕਿ ਇਸ ਦੀ ਟੱਕਰ ਸਾਹਮਣੇ ਤੋਂ ਆਈ ਮੋਟਰਸਾਈਕਲ ਦੇ ਨਾਲ ਹੋਈ। ਜੀਪ ਦੇ ਅੱਗੇ ਲੱਗੀ ਪਲੇਟ ਉਤੇ ਪ੍ਰਧਾਨ ਟਾਹਲੀਵਾਲ, ਜਿਲ੍ਹਾਂ ਊਨਾ ਆਲ ਟ੍ਰਕ ਯੂਨਿਅਨ, ਜਸਵਿੰਦਰ ਸਿੰਘ ਬਿਲੂ, ਬੀ ਜੇ ਪੀ (ਹਰੋਲੀ) ਲਿਖਿਆ ਹੋਇਆ ਸੀ। ਮੋਟਰਸਾਈਕਲ 'ਤੇ ਸਵਾਰ ਰਾਜਿੰਦਰ ਕੌਰ ਪੁੱਤਰੀ ਦਿਲਬਾਗ ਸਿੰਘ ਤੇ ਹੈਪੀ ਪੁੱਤਰ ਜੀਵਨ ਕੁਮਾਰ ਅਤੇ ਵਿਸ਼ਾਲ ਪੁੱਤਰ ਪਰਮਜੀਤ ਸਿੰਘ ਬੀਨੇਵਾਲ (ਗੜ੍ਹਸ਼ੰਕਰ) ਨਾਲ ਵਿਆਹ ਵਿੱਚ ਭਾਗ ਲੈ ਕੇ ਵਾਪਸ ਆ ਰਹੇ ਸੀ। ਹਾਦਸੇ ਵਿੱਚ ਗੰਭੀਰ ਰੂਪ ਨਾਲ ਜ਼ਖਮੀ ਤਿੰਨਾਂ ਦੀ ਹਾਲਤ ਬਹੁਤ ਨਾਜ਼ਕ ਦੱਸੀ ਜਾ ਰਹੀ ਸੀ। ਥਾਣਾ ਪ੍ਰਭਾਰੀ ਬਲਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਮਾਮਲੇ ਦੀ ਤਫਤੀਸ਼ ਕਰ ਰਹੀ ਹੈ ਤੇ ਜੀਪ ਚਾਲਕ ਨੂੰ ਗ੍ਰਿਫਤਾਰ ਕਰਨ ਦੇ ਲਈ ਹਿਮਾਚਲ ਛਾਪੇਮਾਰੀ ਕੀਤੀ ਜਾਵੇਗੀ।

# 'ਕਮਾਂਡੋ-3' ਨਾਲ ਅਖਾੜਿਆਂ ਦਾ ਅਕਸ ਖਰਾਬ ਕਰਨ ਦੀ ਕੋਸ਼ਿਸ਼ : ਬਜਰੰਗ

ਗੁਰੂਗਰਾਮ, 2 ਦਸੰਬਰ (ਪੋਸਟ ਬਿਊਰੋ)- ਦੋ ਦਿਨ ਪਹਿਲਾਂ ਰਿਲੀਜ਼ ਹੋਈ ਇੱਕ ਫਿਲਮ 'ਕਮਾਂਡੋ-3' ਵਿੱਚ ਅਖਾੜੇ ਤੇ ਪਹਿਲਵਾਨਾਂ ਨੂੰ ਗਲਤ ਢੰਗ ਨਾਲ ਦਿਖਾਉਣ ਉੱਤੇ ਅੰਤਰਰਾਸ਼ਟਰੀ ਪਹਿਲਵਾਨ ਬਜਰੰਗ ਪੂਨੀਆ ਨੇ ਤਿੱਖਾ ਵਿਰੋਧ ਦਰਜ ਕਰਾਇਆ ਹੈ। ਪਹਿਲਵਾਨ ਨੇ ਆਪਣੇ ਫੇਸਬੁਕ ਤੇ ਟਵਿੱਟਰ ਅਕਾਊਂਟ 'ਤੇ ਵਿਰੋਧ ਕੀਤਾ ਹੈ।

ਬਜਰੰਗ ਨੇ ਕਿਹਾ ਕਿ ਅਖਾੜੇ ਨੂੰ ਤਿਆਰ ਕਰਦੇ ਸਮੇਂ ਮਿੱਟੀ ਵਿੱਚ ਸਰ੍ਹੋਂ ਦਾ ਤੇਲ, ਹਲਦੀ, ਮਹਿੰਦੀ ਅਤੇ ਹੋਰ ਸਮੱਗਰੀ ਪਾ ਕੇ ਸ਼ਰਧਾ ਨਾਲ ਤਿਆਰ ਕੀਤਾ ਜਦਾਂਦਾ ਹੈ ਅਤੇ ਅਖਾੜਾ ਇੱਕ ਪਹਿਲਵਾਨ ਲਈ ਮੰਦਰ ਹੁੰਦਾ ਹੈ, ਜਿਸ ਦੀ ਉਹ ਪੂਜਾ ਕਰਦਾ ਹੈ। ਅਖਾੜੇ ਦਾ ਹਰ ਪਹਿਲਵਾਨ ਹਨੂਮਾਨ ਭਗਤ ਹੁੰਦਾ ਹੈ। ਕਦੇ ਕਿਸੇ ਇੱਕ ਵਿਅਕਤੀ ਦੇ ਗਲਤ ਕੰਮ ਕਰਨ ਨਾਲ ਸਾਰੇ ਅਖਾੜੇ ਅਤੇ ਪਹਿਲਵਾਨ ਖਰਾਬ ਨਹੀਂ ਕਹੇ ਜਾ ਸਕਦੇ। ਅਖਾੜਿਆਂ ਨੂੰ ਬਦਮਾਸ਼ੀ ਦਾ ਕੇਂਦਰ ਦੱਸ ਕੇ ਫਿਲਮ ਡਾਇਰੈਕਟਰ ਆਦਿੱਤਯ ਦੱਤ ਅਖਾੜਿਆਂ, ਪਹਿਲਵਾਨਾਂ ਅਤੇ ਉਨ੍ਹਾਂ ਦੇ ਗੁਰੂਆਂ ਨੂੰ ਬਦਨਾਮ ਕਰ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਇਸ ਪ੍ਰਕਾਰ ਦੀ ਫਿਲਮ 'ਤੇ ਪਾਬੰਦੀ ਲਾਉਣੀ ਚਾਹੀਦੀ ਹੈ ਅਤੇ ਨਾਲ ਇਸ ਤਰ੍ਹਾਂ ਦੀ ਕਹਾਣੀ ਲਿਖਣ ਵਾਲੇ ਲੇਖਕ ਅਤੇ ਫਿਲਮ ਨਿਰਮਾਤਾ ਡਾਇਰੈਕਟਰ 'ਤੇ ਕਾਰਵਾਈ ਹੋਣੀ ਚਾਹੀਦੀ ਹੈ। ਬਜਰੰਗ ਨੇ ਕਿਹਾ ਕਿ ਫਿਲਮ ਬਣਾਉਣ ਵਾਲਿਆਂ ਤੋਂ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਆਖਰ ਕੀ ਸੋਚ ਕੇ ਪਵਿੱਤਰ ਅਖਾੜੇ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਹੈ। ਅੱਜ ਪਹਿ-ਲਵਾਨ ਦੁਨੀਆ ਭਰ ਵਿੱਚ ਭਾਰਤ ਦਾ ਨਾਂਅ ਰੋਸ਼ਨ ਕਰ ਰਹੇ ਹਨ। ਜੇ ਇਸ ਪ੍ਰਕਾਰ ਦੀ ਫਿਲਮ ਚਲਦੀ ਰਹੀ ਤਾਂ ਭਵਿੱਖ ਵਿੱਚ ਨਵੇਂ ਨੌਜਵਾਨ ਅਖਾੜਿਆਂ ਤੋਂ ਦੂਰ ਬਣਾ ਲੈਣਗੇ। ਪੂਨੀਆ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਖੇਡ ਮੰਤਰੀ ਕਿਰਨ ਰਿਜਿਜੂ ਨੂੰ ਅਪੀਲ ਕੀਤੀ ਹੈ ਕਿ ਪਹਿਲਵਾਨਾਂ ਨੂੰ ਬਦਨਾਮ ਕਰਨ ਵਾਲੀ ਫਿਲਮ ਬਣਾਉਣ ਵਾਲਿਆਂ 'ਤੇ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਫਿਲਮੀ ਦੁਨੀਆ ਆਪਣੇ ਨਿੱਜੀ ਹਿੱਤ ਲਈ ਕਦੇ ਕਿਸੇ ਸਮਾਜ ਨੂੰ ਬੁਰਾ ਦੱਸ ਰਹੀ ਹੈ ਤਾਂ ਕਦੇ ਕਿਸੇ ਖੇਡ, ਖਿਡਾਰੀਆਂ ਅਤੇ ਫੌਜ ਦੇ ਅਕਸ ਨੂੰ ਖਰਾਬ ਕਰ ਰਹੀ ਹੈ।

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੋਂ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Beauty Parlour ਲਈ ਲੜਕੀਆਂ ਦੀ ਲੋੜ ਹੈ
Beauty/Hair Salon in Mississauga ਲਈ hair cutting (Gents/Ladies) ਅਤੇ Threading/waxing ਦਾ ਕੰਮ ਜਾਣਨ ਵਾਲੀਆਂ ਲੜਕੀਆਂ ਦੀ ਲੋੜ ਹੈ। Barber ਵੀ ਅਪਲਾਈ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ
Off: 905-814-7400
Ph: 416-566-9678

Girl Needed for Sharing Room
25 ਸਾਲ ਤੋਂ 40 ਸਾਲਾਂ ਤੱਕ ਲੜਕੀ ਦੀ ਲੋੜ ਹੈ
1 ਬੈਡਰੂਮ ਬੇਸਮੈਂਟ, ਰੈਂਟ ਸ਼ੇਅਰ ਕੀਤਾ ਜਾਵੇਗਾ, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟੈਂਡ, ਗਰੋਸਰੀ ਸਟੋਰ, ਆਦਿ। ਕਾਰ ਪਾਰਕਿੰਗ ਵੀ ਉਪਲੱਬਧ ਹੈ।
Brampton (Airport & Bovaird)
437-236-8153

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸ਼ੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੁਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

Check our Free E-paper at: www.canadianpunjabipost.ca
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7", ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5", ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ। ਇਸ ਸਬੰਧੀ 91-95010-29128 ਜਾਂ 91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

UPPAL LAW
AVTAR UPPAL Manager
IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters
OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters
AMAN UPPAL Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋਂ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

# ਕਾਫ਼ਲੇ ਵੱਲੋਂ ਰਵਿੰਦਰ ਸਹਿਰਾਅ ਅਤੇ ਮਨਜੀਤ ਇੰਦਰਾ ਨਾਲ ਵਿਸ਼ੇਸ਼ ਬੈਠਕ



## ‘ਰਵਿੰਦਰ ਸਹਿਰਾਅ ਨੇ ਸੱਚ ਬੋਲਣ ਦੀ ਕੀਮਤ ਤਾਰੀ ਹੈ’: ਵਰਿਆਮ ਸਿੰਘ ਸੰਧੂ

ਟਰਾਂਟੋ:- (ਪਰਮਜੀਤ ਦਿਓਲ) ‘ਪੰਜਾਬੀ ਕਲਮਾਂ ਦਾ ਕਾਫ਼ਲਾ ਟਰਾਂਟੋ’ ਵੱਲੋਂ ਪੰਜਾਬੀ ਪ੍ਰਗਤੀਵਾਦੀ ਕਵੀ ਰਵਿੰਦਰ ਸਹਿਰਾਅ ਅਤੇ ਪੰਜਾਬੀ ਕਵਿੱਤਰੀ ਮਨਜੀਤ ਇੰਦਰਾ ਨਾਲ਼ ਸੰਤ ਸਿੰਘ ਸੇਖੋਂ ਹਾਲ ਵਿੱਚ ਇੱਕ ਵਿਸ਼ੇਸ਼ ਮੀਟਿੰਗ ਰੱਖੀ ਗਈ ਜਿਸ ਵਿੱਚ ਦੋਵਾਂ ਸ਼ਾਇਰਾਂ ਵੱਲੋਂ ਆਪਣੀ ਸ਼ਾਇਰੀ ਦੇ ਨਾਲ਼ ਨਾਲ਼ ਆਪਣੇ ਵਿਚਾਰ ਵੀ ਸਾਂਝੇ ਕੀਤੇ ਗਏ। ਮੀਟਿੰਗ ਦੀ ਸ਼ੁਰੂਆਤ ਕਰਦਿਆਂ ਨੌਜਵਾਨ ਗਾਇਕ ਬਲਜੀਤ ਬੈਂਸ ਨੇ ਜੈਮਲ ਪੱਡਾ ਦੀ ਅਮਰ ਰਚਨਾ ਪੇਸ਼ ਕੀਤੀ।

ਸਿਦਕ ਸਾਡੇ ਨੇ ਕਦੇ ਮਰਨਾ ਨਹੀਂ
ਸੱਚ ਦੇ ਸੰਗਰਾਮ ਨੇ ਹਰਨਾ ਨਹੀਂ

ਮਨਜੀਤ ਇੰਦਰਾ ਦੀ ਜਾਣ-ਪਛਾਣ ਕਰਵਾਉਂਦਿਆਂ ਪਰਮਜੀਤ ਦਿਓਲ ਨੇ ਕਿਹਾ ਕਿ ਮਨਜੀਤ ਇੰਦਰਾ ‘ਬੇਝਿਜਕ’ ਪੰਜਾਬੀ ਕਵਿੱਤਰੀ ਅਤੇ ਨਾਵਲਕਾਰਾ ਹੈ ਜਿਸ ਨੇ ਕਈ ਕਾਵਿ-ਸੰਗਹ੍ਰਿ ਅਤੇ ਇੱਕ ਕਾਵਿ-ਨਾਵਲ ‘ਤੂੰ ਆਵਾਜ਼ ਮਾਰੀ ਹੈ’, ਪਾਠਕਾਂ ਦੀ ਝੋਲ਼ੀ ਪਾਇਆ ਹੈ

ਅਤੇ ਉਨ੍ਹਾਂ ਦੇ ਬਹੁਤ ਸਾਰੇ ਗੀਤ ਨਾਮਵਰ ਗਾਇਕਾਂ ਵੱਲੋਂ ਗਾਏ ਗਏ ਨੇ। ਉਹ ਬਹੁਪੱਖੀ ਲੇਖਿਕਾ ਹੋਣ ਦੇ ਨਾਲ਼ ਨਾਲ਼ ਸੋਸ਼ਲ ਵਰਕਰ ਵੀ ਨੇ। ਮਨਜੀਤ ਇੰਦਰਾ ਨੇ ਕਿਹਾ ਕਿ “ਕੈਨੇਡਾ ਆ ਕੇ ਵੀ ਮੈਨੂੰ ਇਹ ਧਰਤੀ ਬੇਗਾਨੀ ਨਹੀਂ ਲੱਗੀ।

ਉਹੀ ਚਿਹਰੇ, ਉਹੀ ਸੁਭਾਅ, ਉਹੀ ਰਹਿਣੀ-ਬਹਿਣੀ ਮੈਨੂੰ ਵੇਖਣ ਨੂੰ ਮਿਲ਼ੀ ਹੈ।” ਉਨ੍ਹਾਂ ਕਿਹਾ ਕਿ ਪ੍ਰੋ. ਮੋਹਨ ਸਿੰਘ ਉਨ੍ਹਾਂ ਦੇ ਗੁਰੂ ਸਨ ਅਤੇ ਉਨ੍ਹਾਂ ਦੇ ਪਿਤਾ ਉਨ੍ਹਾਂ ਦੇ ਬਹੁਤ ਵਧੀਆ ਦੋਸਤ ਸਨ।

“ਬੂਹਾ ਨਾ ਬਾਰੀ ਨਾ ਕੋਈ
ਬਨੇਰਾ, ਦੀਵਾ ਜਗਾ ਕੇ ਰੱਖਾਂਗੀ ਕਿੱਥੇ”

ਗੀਤ ਤੋਂ ਇਲਾਵਾ ਉਨ੍ਹਾਂ ਨੇ ਬਹੁਤ ਸਾਰੀਆਂ ਕਵਿਤਾਵਾਂ ਅਤੇ ਗੀਤ ਸਾਂਝੇ ਕੀਤੇ।

ਇਸਤੋਂ ਬਾਅਦ ਤਰਸੇਮ ਅਤੇ ਡਾ ਕੁਲਦੀਪ ਸਿੰਘ ਦੀਪ ਵੱਲੋਂ ਸੰਪਾਦਤ ਕੀਤੀ ਗਈ ਕਿਤਾਬ ‘ਸ਼ਬਦ ਸ਼ਬਦ ਨਾਨਕ’ ਰਲੀਜ਼ ਕੀਤੀ ਗਈ। ਇਸ ਕਿਤਾਬ ਵਿੱਚ ਬਾਬੇ ਨਾਨਕ ਨੂੰ ਸਮਰਪਿਤ ਕਵਿਤਾਵਾਂ ਸ਼ਾਮਲ ਹਨ। ਇਸ ਕਿਤਾਬ ਬਾਰੇ ਬੋਲਦਿਆਂ ਉਂਕਾਰਪ੍ਰੀਤ ਨੇ ਦੱਸਿਆ ਕਿ ਇਸ ਵਿੱਚ ਸ਼ਾਮਲ ਕਵਿਤਾਵਾਂ ਰਾਹੀਂ ਨਾਨਕ ਦੇਵ ਜੀ ਦੀ ਸ਼ਬਦ-ਮਹਿਮਾ ਬਿਆਨ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਭਾਵੇਂ ਪਿਛਲੇ 500 ਸਾਲਾਂ ਵਿੱਚ ਬਹੁਤ ਕੁਝ ਬਦਲ ਗਿਆ ਹੈ ਪਰ ਬਾਬੇ ਨਾਨਕ ਦੀ ਧੁਰ ਕੀ ਬਾਣੀ ਦੀ ਸਾਰਥਿਕਤਾ ਨਹੀਂ ਬਦਲੀ। ਉਨ੍ਹਾਂ ਕਿਹਾ ਕਿ ਬਾਬਾ ਨਾਨਕ ਸ਼ਬਦ ਨੂੰ ਪਰਣਾਏ ਹੋਏ ਸਨ। ਉਂਕਾਰਪ੍ਰੀਤ ਨੇ ਇਸ ਕਿਤਾਬ ਵਿੱਚ ਛਪੀ ਆਪਣੀ ਕਵਿਤਾ ‘550 ਸਾਲਾਂ ਬਾਅਦ ਖ਼ਤ’ ਸਾਂਝੀ ਕੀਤੀ।

ਪ੍ਰਗਤੀਵਾਦੀ ਵਿਚਾਰਧਾਰਾ ਦੇ ਕਵੀ ਰਵਿੰਦਰ ਸਹਿਰਾਅ ਦੀ ਜਾਣ-ਪਛਾਣ ਥੰਮ੍ਹ ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ ਨੇ ਕਰਵਾਈ। ਉਨ੍ਹਾਂ ਕਿਹਾ ਕਿ ਅਸੀਂ ਦੋਵੇਂ ਨਕਸਲਵਾਦੀ ਲਹਿਰ ਦੀ ਪੈਦਾਵਾਰ ਹਾਂ। ਉਨ੍ਹਾਂ ਕਿਹਾ ਕਿ ਉਸ ਸੰਘਰਸ਼ ਨੂੰ ਸਹਿਰਾਅ ਨੇ ਜੀਅ-ਜਾਨ ਨਾਲ਼ ਆਪਣੇ ਪਿੰਡੇ ’ਤੇ ਹੰਢਾਉਂਦਿਆਂ ਜੇਲ੍ਹਾਂ ਕੱਟੀਆਂ, ਤਸੀਹੇ ਝੱਲੇ ਅਤੇ ਉਮਰ ਦੇ ਫ਼ਰਕ ਦੇ ਹਿਸਾਬ ਨਾਲ਼ ਹੀ ਮੇਰੇ ਪਿੱਛੇ ਪਿੱਛੇ ਮੇਰੇ ਨਕਸ਼ੇ-ਕਦਮ ’ਤੇ ਤੁਰਦਾ ਗਿਆ। ਉਨ੍ਹਾਂ ਕਿਹਾ ਕਿ ਰਵਿੰਦਰ ਸਹਿਰਾਅ ਨੇ ਹਮੇਸ਼ਾਂ ਸੱਚ ਲਿਖਿਆ ਅਤੇ ਸੱਚ ਬੋਲਿਆ ਅਤੇ ਸੱਚ ਬੋਲਣ ਦੀ ਕੀਮਤ ਵੀ ਤਾਰੀ ਹੈ। ਉਨ੍ਹਾਂ ਨੇ ਸਹਿਰਾਅ ਨੂੰ “ਸੱਚੇ ਬੋਲਾਂ ਦਾ ਕਵੀ’ ਕਿਹਾ।



ਰਵਿੰਦਰ ਸਹਿਰਾਅ ਨੇ ਆਪਣੇ ਸਾਹਿਤਕ ਸ਼ਫਰ ਦੇ ਨਾਲ਼ ਨਾਲ਼ ਆਪਣੇ ਸੰਘਰਸ਼ਮਈ ਜੀਵਨ ਦੇ ਪਹਿਲੂ ਵੀ ਸਾਂਝੇ ਕੀਤੇ ਅਤੇ ਨਕਸਲੀ ਲਹਿਰ ਦੇ ਪ੍ਰਭਾਵ ਅਤੇ ਸੰਘਰਸ਼ ’ਤੇ ਵੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਪਾਸ਼, ਦਰਸ਼ਨ ਖਟਕੜ, ਅਮਰਜੀਤ ਚੰਦਨ, ਸੰਤ ਰਾਮ ਉਦਾਸੀ, ਲਾਲ ਸਿੰਘ ਦਿਲ, ਅਤੇ ਗੁਰਦੀਪ ਗਰੇਵਾਲ਼ ਦੇ ਨਾਲ਼ ਨਾਲ਼ ਵਰਿਆਮ ਸਿੰਘ ਸੰਧੂ ਦਾ ਨਾਂ ਵੀ ਉਸ ਸਮੇਂ ਦੇ ਚੋਟੀ ਦੇ ਕੁਝ ਨਾਵਾਂ ’ਚ ਆਉਂਦਾ ਸੀ ਜੋ ਨਕਸਲੀ ਲਹਿਰ ਨੂੰ ਪਰਣਾਏ ਹੋਏ ਸਨ। ਖ਼ਾਸ ਤੌਰ ’ਤੇ ਜਸਵੰਤ ਖਟਕੜ ਦੀ ਕੁਰਬਾਨੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਦੱਸਿਆ ਕਿ ਕਿਵੇਂ ਪੰਜਵੀਂ ਛੇਵੀਂ ’ਚ ਪੜ੍ਹਦਿਆਂ ਹੀ ਉਹ ਨਕਸਲੀ ਕਾਰਕੁਨਾਂ ਦੇ ਸੁਨੇਹੇ ਪਹੁੰਚਾਉਂਦਾ ਹੋਇਆ ਪੁਲੀਸ ਦੇ ਹੱਥ ਲੱਗ ਗਿਆ ਅਤੇ ਤੇਰਾਂ ਚੌਦਾਂ ਸਾਲ ਦੀ ਉਮਰ ’ਚ ਹੀ ਕੈਦ ਹੋ ਗਿਆ। ਉਨ੍ਹਾਂ ਨੇ ਆਪਣੇ ਰੂਪੋਸ਼ ਹੋਣ ਤੋਂ ਲੈ ਕੇ ਜੇਲ੍ਹ ਜਾਣ ਅਤੇ ਫਿਰ ਬਲੈਕ-ਲਿਸਟ ਹੋ ਕੇ ਕਾਲਜਾਂ ਯੂਨੀਵਰਸਿਟੀਆਂ ਤੋਂ ਬੇਦਖ਼ਲ ਹੋਣ ਤੱਕ ਦੇ ਸਫ਼ਰ ਦੀ ਵਾਰਤਾ ਸਾਂਝੀ ਕੀਤੀ। ਫ਼ਲਸਤੀਨੀ ਕੁੜੀ ’ਤੇ ਲਿਖੀ ਬਹੁਤ ਹੀ ਭਾਵਪੂਰਤ ਕਵਿਤਾ ‘ਫ਼ਲਸਤੀਨੀ ਕੁੜੀ ਅਤੇ ਚੱਪਲ’ ਨਾਲ਼ ਆਪਣੀਆਂ ਕਵਿਤਾਵਾਂ ਦੀ ਸ਼ੁਰੂਆਤ ਕਰਦਿਆਂ ਉਨ੍ਹਾਂ ਨੇ ਕੁਝ ਕਵਿਤਾਵਾਂ ਸਾਝੀਆਂ ਕੀਤੀਆਂ ਜਿਨ੍ਹਾਂ ਤੋਂ ਉਨ੍ਹਾਂ ਦੀ ਵਿਚਾਰਧਾਰਕ ਦ੍ਰਿੜ੍ਹਤਾ ਅੱਜ ਵੀ ਪੂਰੀ ਤਰ੍ਹਾਂ ਬਰਕਰਾਰ ਵਿਖਾਈ ਦਿੰਦੀ ਸੀ। ਸਨੀ ਸ਼ਿਵਰਾਜ ਅਤੇ ਰਿੰਟੂ ਭਾਟੀਆ ਵੱਲੋਂ ਬੜੇ ਹੀ ਖ਼ੂਬਸੂਰਤ ਤਰੰਨਮ ਵਿੱਚ ਗ਼ਜ਼ਲਾਂ ਪੇਸ਼ ਕੀਤੀਆਂ ਗਈਆਂ।

ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਬਲਦੇਵ ਰਹਿਪਾ, ਭੁਪਿੰਦਰ ਦੂਲੈ, ਜਤਿੰਦਰ ਰੰਧਾਵਾ, ਬਲਜੀਤ ਧਾਲੀਵਾਲ਼, ਨੀਰੂ ਸਹਿਰਾਅ, ਸੁਰਿੰਦਰ ਖਹਿਰਾ, ਰਛਪਾਲ ਕੌਰ ਗਿੱਲ, ਸੁਰੀਜਤ ਕੌਰ, ਜਗੀਰ ਸਿੰਘ ਕਾਹਲੋਂ, ਗੁਰਦੇਵ ਮਾਨ, ਅਤੇ ਇਕਬਾਲ ਮਾਹਲ ਹਾਜ਼ਰ ਸਨ। ਇਸ ਵਾਰ ਸਟੇਜ ਦੀ ਕਾਰਵਾਈ ਬ੍ਰਜਿੰਦਰ ਗੁਲਾਟੀ ਨੇ ਨਿਭਾਈ ਅਤੇ ਕੁਲਵਿੰਦਰ ਖਹਿਰਾ ਅਤੇ ਮਨਮੋਹਨ ਸਿੰਘ ਗੁਲਾਟੀ ਵੱਲੋਂ ਮੀਟਿੰਗ ਦੀ ਕਾਰਵਾਈ ਨੂੰ ਚਲਾਇਆ ਗਿਆ।

JOBS! JOBS! JOBS! JOBS! JOBS!
General Labour/ Unloader/ Window Assemblers & Machine Operators/Drivers (AZ/DZ/G)/ Forklift , Office Jobs, Electrician, Mechanic
◦Full time/Part time workers Needed
◦ਵਿੰਡੋ, ਮੈਟਲ, ਬੇਕਰੀ ਕੰਮਪਨੀਆਂ ◦ਸਿਨ ਨੰਬਰ ਹੋਣਾ ਜ਼ਰੂਰੀ
◦ਦਿਨ, ਦੁਪਹਿਰ ਤੇ ਰਾਤ ਦਾ ਕੰਮ Available
2355 Derry Rd E, Unit#20, 2nd Floor, Mississauga
Torbram/Derry intersection Manjit: 416.477.3344

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
▪ 1 yr Home Warranty
Free valuation & Lowest Commission
▪ We Help to get mortgage
▪ Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHWA
Broker
416.319.0551
BHUPENDRA DHILLON
Sales Representative
647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar™ INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

GF1 SECURITY SERVICES
Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE TENS
CANADIAN RED CROSS Training Partner

Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
◆ Free Evaluation of your Property
◆ Special Packages for First Time Buyer
◆ Arrangement of Low Mortgage rate Lawyer
◆ Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep.

FOR SALE
$1,279,900
Mcvean / Castlemore
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਂਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ’ ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
Tri-City Professional Realty Inc., Brokerage
$129,900
Darcel/Brandon Gate
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।

FOR SALE
$3,249,000
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
◦ Machine Operators ◦ AZ-DZ Drivers
◦ Forklift Driver ◦ Machine Mechanic
◦ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

ਵਿਅੰਗ

# ਦਿਲ ਬੜਾ ਡਰਦੈ

-ਬਲਰਾਜ ਸਿੰਘ

ਪਿਆਰੇ ਵੋਟਰੋ! ਜਿਉਂ-ਜਿਉਂ ਚੋਣ ਨਤੀਜਿਆਂ ਦਾ ਦਿਨ ਨੇੜੇ ਆਈ ਜਾਂਦੈ, ਦਿਲ ਬੜਾ ਡਰੀ ਜਾਂਦੈ। ਸੋਚ ਸੋਚ ਕੇ ਕਾਂਬਾ ਜਿਹਾ ਛਿੜੀ ਜਾਂਦੈ ਕਿ ਹਾਰ ਗਏ ਤਾਂ ਬਣੂ ਕੀ? ਭਾਂਤ-ਭਾਂਤ ਦੇ ਫਿਕਰਾਂ ਨਾਲ ਸਾਡਾ ਦਿਨ ਦਾ ਚੈਨ ਤੇ ਰਾਤਾਂ ਦੀ ਨੀਂਦ ਖੰਭ ਲਾ ਕੇ ਉਡ ਗਈ ਹੈ। ਪਹਿਲੀ ਗੱਲ ਤਾਂ ਸਾਡੇ ਘਰ ਹੀ ਮਹਾਭਾਰਤ ਛਿੜ ਜੂ। ਸਾਡੀ ਵਹੁਟੀ ਨੇ ਸਲੋਕ ਸੁਣਾ-ਸੁਣਾ ਸਾਡੀਆਂ ਸੱਤ ਪੁਸ਼ਤਾਂ ਪੁਣ ਦੇਣੀਆਂ ਨੇ। ਜਦੋਂ ਮੈਂ ਚੋਰੀ-ਛਿਪੇ ਨਾਮਜ਼ਦਗੀ ਪੱਤਰ ਦਾਖਲ ਕਰਵਾ ਕੇ ਘਰ ਮੁੜਿਆ ਸੀ, ਇਹਨੇ ਉਦੋਂ ਹੀ ਝੱਜੂ ਪਾ'ਤਾ ਸੀ। ਆਨੇ ਕੱਢ-ਕੱਢ ਉਹ ਹਾਲ ਪਾਹਰਿਆ ਕੀਤਾ ਕਿ ਤਮਾਸ਼ਬੀਨਾਂ ਨਾਲ ਗਲੀ ਭਰ ਗਈ ਸੀ। ਤਿਲ ਸੁੱਟਣ ਨੂੰ ਥਾਂ ਨਹੀਂ ਸੀ। ਜ਼ਿਆਦਾ ਨਹੀਂ ਤਾਂ ਕੁੰਭ ਦੇ ਮੇਲੇ ਜਿੰਨੀ ਭੀੜ ਜ਼ਰੂਰ ਹੋਊ। ਸਾਡੇ ਘਰ ਵੜਦਿਆਂ ਹੀ ਵਹੁਟੀ ਗੁਭ ਗੁਭਾਟ ਕੱਢਣ ਲੱਗ ਪਈ ਸੀ :

'ਚੜ੍ਹਾ ਆਇਐਂ ਚੰਨ? ਫੂਕ ਆਇਆਂ ਬੁੱਕ ਰੁਪਈਆਂ ਦਾ? ਮੈਨੂੰ ਪਤਾ ਸੀ ਤੇਰੇ ਆਹ ਜੁੰਡਲ ਜੇ ਯਾਰ ਕੋਈ ਚੰਨ ਚੜ੍ਹਾਉਣਗੇ। ਭੈੜੇ-ਭੈੜੇ ਯਾਰ ਮੇਰੀ ਫੱਤੋ ਦੇ। ਹੁਣ ਵੜਨ ਦੇ ਘਰ ਇਨ੍ਹਾਂ ਘਰ ਪੱਟੂਆਂ ਨੂੰ, ਦੇਹਲੀ ਤਾਂ ਟੱਪਣ। ਦਊਂ ਧਨੇਸੜੀ ਇਨ੍ਹਾਂ ਨੂੰ। ਅਖੇ ਹਮ ਜਿਤਾਏਂਗੇ ਇਸ ਕੋ। ਨਾ ਪੁੱਛਣ ਆਲਾ ਹੋਵੇ ਕਿ ਥੋਡੇ ਮਗਰ ਹਨੂਮਾਨ ਦੀ ਫੌਜ ਐ ਜਿਹੜਾ ਇਹ ਨੂੰ ਜਿਤਾ ਦਿਓਗੇ। ਪੱਲੇ ਇਹਦੇ ਚਾਰ ਛਿੱਲੜ ਨੀਂ। ਵੋਟ ਇਹਨੂੰ ਕੌਣ ਪਾਊਗਾ? ਅਖੇ ਆਪ ਨੰਗ, ਬਾਪ ਨੰਗ, ਤੀਜੇ ਨੰਗ ਨਾਨਕੇ। ਚਾਰ ਇਹ ਤੇ ਚਾਰ ਇਹਦੇ ਘਰ ਵਾਲੇ। ਮੈਂ ਤਾਂ ਇਹਨੂੰ ਵੋਟ ਪਾਉਣੀ ਨੀਂ। ਰਹਿ ਗਏ ਸੱਤ। ਸੱਤਾਂ ਤੋਂ ਵੱਧ ਇੱਕ ਵੀ ਵੋਟ ਪੈ ਗਈ ਤਾਂ ਮੇਰਾ ਨਾਂ ਬਦਲ ਦਿਓ। ਅਖੇ ਬੜੀ ਜਾਣ ਪਛਾਣ ਹੈ ਇਹਦੀ। ਕੌਮ ਦਾ ਨਿਰਮਾਤੈ। ਬੜਿਆਂ ਨੂੰ ਰਾਹ ਪਾਇਆ ਇਹਨੇ। ਉਸਾਰੂ ਸੋਚ ਹੈ ਇਹਦੀ। ਸੱਤਾਂ ਚੁੱਲ੍ਹਿਆਂ ਦੀ ਸਵਾਹ। ਮੁਰਲੀ ਮਹਿਕਮੇ ਵਾਲੇ ਢਾਈ ਟੋਟਰੂ ਯਾਰ ਐ ਇਹਦੇ। ਉਨ੍ਹਾਂ ਨੇ ਸਿਰ 'ਤੇ ਤੀਂਘੜਦਾ ਫਿਰਦੈ, ਜ਼ਮਾਨਤ ਜ਼ਬਤ ਕਰਾਊਂ ਤਾਂ ਅੰਕਲ ਟਿਕਾਣੇ ਆਊ ਇਹਦੀ।'

ਪਿਆਰੇ ਵੋਟਰੋ, ਮੈਨੂੰ ਹੀ ਪਤਾ ਮੈਂ ਕਿੰਨੇ ਮਿੱਠੇ-ਮਿੱਠੇ ਪੋਚੇ ਮਾਰ ਕੇ ਤੇ ਕਿੰਨੇ ਸਬਜ਼ਬਾਗ ਦਿਖਾ ਕੇ ਇਸ ਵਿੱਸ ਘੋਲਦੀ ਨਾਗਣ ਨੂੰ ਕੀਲਿਆ ਸੀ। ਹੁਣ ਥੋਡੇ ਤੋਂ ਕੀ ਲੁਕੋ ਹੈ। ਅਸੀਂ ਪੰਜਾਹ ਥਾਵਾਂ ਤੋਂ ਉਧਾਰ ਚੁੱਕ ਕੇ ਚੋਣਾਂ ਦੇ ਖਰਚੇ ਪੂਰੇ ਕੀਤੇ ਆ। ਬੈਂਕ ਤੋਂ ਬੁੱਕੀ ਕਰਜ਼ਾ ਲਿਐ। ਘਰ ਵਾਲੀ ਦਾ ਸੌ ਤੋਲੇ ਸੋਨਾ, ਵੱਡੇ ਮੁੰਡੇ ਦੀ ਇਨੋਵਾ ਕਾਰ ਤੇ ਛੋਟੇ ਮੁੰਡੇ ਦੀ ਸਕਾਰਪੀਓ ਵੀ ਚੋਣਾਂ ਦੇ ਸਰਾਲ ਮੁੱਖ ਦੀ ਭੇਟਾ ਹੋ ਚੁੱਕੇ ਹਨ। ਸੱਚ ਜਾਣਿਓਂ, ਮੈਂ ਹਾਥੀ ਤੋਂ ਨਹੀਂ ਡਰਦਾ, ਸ਼ੇਰ ਤੋਂ ਨਹੀਂ ਡਰਦਾ, ਭੂਤ ਤੋਂ ਨਹੀਂ ਡਰਦਾ, ਚੁੜੇਲ ਤੋਂ ਨਹੀਂ ਡਰਦਾ, ਡਰਦਾ ਹਾਂ ਤਾਂ ਬੱਸ ਆਪਣੀ ਸੰਨ 52 ਮਾਡਲ ਵਹੁਟੀ ਤੋਂ, ਜੇ ਹਾਰ ਗਿਆ ਤਾਂ ਪੁਰਾਤਤਵ ਵਿਭਾਗ ਦੀ ਇਸ ਪ੍ਰਾਚੀਨ ਵਸਤੂ ਨੇ ਸਾਨੂੰ ਨਾਨੀ ਚੇਤੇ ਕਰਵਾ ਦੇਣੀ ਆ। ਉਹਦੇ ਚੰਡੀ ਰੂਪ ਦਾ ਅਸੀਂ ਸਾਹਮਣਾ ਨਹੀਂ ਕਰ ਸਕਣਾ। ਜਗ ਹਸਾਈ ਵੱਖਰੀ ਹੋਊ। ਦਿਲ ਬੜਾ ਡਰਦੈ।

ਪਿਆਰੇ ਵੋਟਰੋ! ਮੇਰੀ ਆਤਮਾ ਉੱਤੇ ਇੱਕ ਹੋਰ ਬੜਾ ਭਾਰਾ ਬੋਝ ਹੈ। ਇਹ ਬੋਝ ਹੈ ਝੂਠ-ਤੂਫਾਨ, ਕੁਫਰ ਤੇ ਮੰਦੇ ਬੋਲਾਂ ਦਾ। ਚੋਣਾਂ ਦੌਰਾਨ ਮੈਂ ਆਪਣੇ ਵਿਰੋਧੀਆਂ 'ਤੇ ਬੜੇ ਦੂਸ਼ਣ ਲਾਏ। ਤੁਹਾਨੂੰ ਪਤਾ ਹੀ ਹੈ ਕਿ ਇੱਕ ਵਿਰੋਧੀ ਤਾਂ ਮੇਰੇ ਤਾਏ ਦਾ ਮੁੰਡੈ। ਉਹ ਨੂੰ ਹਰ ਹੀਲੇ ਨੀਵਾਂ ਦਿਖਾਉਣ ਲਈ ਮੈਂ ਉਹਦੇ 'ਤੇ ਬੜੇ ਕੋਝੇ-ਕੋਝੇ ਦੋਸ਼ ਲਾਏ। ਵਿਚਾਰਾ ਸਾਡੀ ਭਰਜਾਈ ਨਾਲ ਸ਼ਿਮਲੇ ਘੁੰਮਣ ਗਿਆ ਸੀ। ਅਸੀਂ ਵੋਟਾਂ ਬਟੋਰਨ ਖਾਤਿਰ ਰੌਲਾ ਪਾ ਤਾ, 'ਉਏ ਵੋਟਾਂ ਇਹਨੂੰ ਦੇਣੀਆਂ ਹਨ ਛਟੇ ਹੋਏ ਬਦਮਾਸ਼ ਨੂੰ, ਚਰਿੱਤਰਹੀਣ ਨੂੰ, ਦਸ ਨੰਬਰੀਏ ਨੂੰ? ਸੌ ਸੌ ਸਹੇਲੀਆਂ ਬਣਾਈ ਫਿਰਦੈ। ਰੋਜ਼ ਇੱਕ ਬਦਲਦੈ। ਕੱਲ੍ਹ ਨਵੀਂ ਸਹੇਲੀ ਨਾਲ ਸ਼ਿਮਲੇ ਫਿਰਦਾ ਮੈਂ ਆਪ ਦੇਖਿਆ ਇਨ੍ਹਾਂ ਅੱਖਾਂ ਨਾਲ।'' ਦਰਅਸਲ ਭੁਲੇਖਾ ਮੈਨੂੰ ਹੀ ਲੱਗਿਆ ਸੀ। ਓਦਣ ਸਾਡੀ ਭਰਜਾਈ ਸਿਰ ਰੰਗੀ ਫਿਰਦੀ ਸੀ। ਵਾਲ ਸ਼ਾਹ ਕਾਲੇ ਕਰ ਕੇ ਸੱਠਾਂ ਤੋਂ ਤੀਹਾਂ ਦੀ ਬਣੀ ਫਿਰਦੀ ਸੀ। ਕੁਛ ਮੇਰੀ ਦੂਰ ਦੀ ਨਿਗ੍ਹਾ ਵੀ ਕਮਜ਼ੋਰ ਆ। ਘੁਸਮੁਸੇ 'ਚ ਭੁਲੇਖਾ ਲੱਗ ਗਿਆ ਸੀ। ਉਦੋਂ ਦਾ ਸਾਡਾ ਭਰਾ ਵੱਟਿਆ-ਵੱਟਿਆ ਫਿਰਦੈ। ਲੱਗਦੈ ਬੁੱਕੀਂ-ਬੁੱਕੀਂ ਫਿਰਦੈ। ਜੇ ਮੈਂ ਜਿੱਤ ਗਿਆ ਤਾਂ ਇੱਕੀ ਦੇ 'ਕੱਤੀ ਮੋੜੂੰ, ਪਰ ਜੇ ਹਾਰ ਗਿਆ ਤਾਂ ਇਹਦੀ ਚੜ੍ਹ ਮੱਚਣੀ ਆ। ਹੁਣ ਵੀ ਬਲੈਰੋ 'ਚ ਦਸ ਬਾਰ੍ਹਾਂ ਗੌਂਡਰ ਨਾਲ ਲਈ ਫਿਰਦੈ। ਲੱਗਦਾ ਸਾਡੀ ਲੱਤ-ਬਾਂਹ ਤੋੜ ਕੇ ਛੱਡੂ। ਦਿਲ ਬੜਾ ਡਰਦੈ।

ਇੱਕ ਹੋਰ ਵਿਰੋਧੀ ਉਮੀਦਵਾਰ ਸੀ ਸਾਡਾ। ਬਾਹਲਾ ਈ ਸਾਊ। ਨਿਰਾ ਗਊ ਵਰਗਾ। ਦੇਸ਼ਭਗਤਾਂ ਦੀ ਸੰਤਾਨ। ਦਾਦੇ-ਪੜਦਾਦੇ ਸੱਚੇ ਆਜ਼ਾਦੀ ਸੰਗਰਾਮੀਏ। ਮੈਂ ਵੋਟਾਂ ਲੈਣ ਖਾਤਰ ਬੜੀ ਮਿੱਟੀ ਪਲੀਤ ਕੀਤੀ ਉਹਦੀ। ਕਹਿਤਾ ਬਈ ਇਹਦਾ ਬਾਬਾ ਸੁੱਤੇ ਅੰਗਰੇਜ਼ ਦੇ ਚੂੰਢੀ ਵੱਢ ਗਿਆ ਸੀ ਤੇ ਹੁਣ ਸਾਰਾ ਟੱਬਰ ਆਜ਼ਾਦੀ ਸੰਗਰਾਮੀਆਂ ਬਣ ਕੇ ਪੈਨਸ਼ਨ ਲਵਾਈ ਫਿਰਦੈ। ਇਹਦੀ ਪੈਨਸ਼ਨ ਬੰਦ ਕਰਾ ਕੇ ਇਹਨੂੰ ਵੱਡੇ ਘਰ ਤੁੰਨਣਾ ਚਾਹੀਦਾ ਹੈ। ਮੂੰਹ ਕਾਲਾ ਕਰ ਕੇ ਖੋਤੇ 'ਤੇ ਬਿਠਾਉਣਾ ਚਾਹੀਦਾ ਹੈ। ਉਦੋਂ ਤਾਂ ਮੈਂ ਵੋਟਾਂ ਲੈਣ ਖਾਤਰ ਇਹੋ ਜੀ ਬਕੜਵਾਹ ਕਰਤੀ ਸੀ। ਹੁਣ ਸਾਰਾ ਓੜਮਾ ਕੋੜਮਾ ਕੌੜ ਮਹਿੰ ਵਾਂਗੂੰ ਝਾਕਦੈ। ਰੱਬ ਜਾਣੇ ਕੀ ਬਣੂ? ਦਿਲ ਬੜਾ ਡਰਦੈ।

ਪਿਆਰੇ ਵੋਟਰੋ! ਇੱਕ ਹੋਰ ਗੱਲ ਦਾ ਡਰ ਬੜਾ ਸਤਾਉਂਦੈ। ਐਤਕੀਂ ਇੱਕ ਨਵੀਂ ਪਾਰਟੀ ਵੀ ਚੋਣ ਮੈਦਾਨ ਵਿੱਚ ਟਿੱਡੇ ਵਾਂਗੂੰ ਬੁੜਕਦੀ ਫਿਰਦੀ ਐ। ਬੁੱਧੀਜੀਵੀਆਂ ਤੇ ਨਵੇਂ ਵੋਟਰਾਂ ਨੂੰ ਮਗਰ ਲਾਈ ਫਿਰਦੀ ਹੈ। ਸੱਚ ਜਾਣਿਓ! ਇਨ੍ਹਾਂ ਛੁਪੇ ਰੁਸਤਮਾਂ ਤੋਂ ਬੜਾ ਡਰ ਲੱਗਦੈ। ਚੁੱਪ ਚੁਪੀਤੇ ਸਾਡੀ ਫੱਟੀ ਪੋਚ ਦੇਣ। ਮਾੜੀ ਕਿਸਮਤ ਹੋਵੇ ਤਾਂ ਊਠ 'ਤੇ ਬੈਠਿਆਂ ਨੂੰ ਵੀ ਕੁੱਤਾ ਵੱਢ ਜਾਂਦੈ। ਦਿਲ ਬੜਾ ਡਰਦੈ।

ਪਿਆਰੋ ਵੋਟਰੋ! ਇੱਕ ਹੋਰ ਗੱਲੋਂ ਦਿਲ ਬੜਾ ਡਰਦੈ। ਐਤਕੀਂ ਮਜਬੂਰੀ ਵੱਸ ਮੈਂ ਤੁਹਾਡੀ ਖਾਤਰ ਸੇਵਾ ਨਹੀਂ ਕਰ ਸਕਿਆ। ਕੀ ਕਰਦਾ ਡਾਢਿਆਂ ਨੇ ਪੇਸ਼ ਨਹੀਂ ਜਾਣ ਦਿੱਤੀ। ਜੀ ਕਰਦਾ ਸੀ ਥੋਨੂੰ ਵਧੀਆ ਦਾਰੂ ਨਾਲ ਟੂੰਨ ਕਰ ਦੇਵਾਂ। ਰੋਸਟਿਡ ਤੇ ਬਟਰ ਚਿਕਨ ਨਾਲ ਧਨ ਧਨ ਕਰਾ ਦਿਆਂ, ਪਰ ਕਿਸਮਤ ਨੂੰ ਮਨਜ਼ੂਰ ਨਹੀਂ ਸੀ। ਮੇਰਾ ਤਜਰਬਾ 'ਮੂੰਹ ਖਾਊ ਤੇ ਅੱਖਾਂ ਸ਼ਰਮਾਉਣਗੀਆਂ' ਕੰਮ ਨਾ ਆ ਸਕਿਆ। ਜੇ ਮੂੰਹ ਖਾਂਦਾ ਤਾਂ ਹੀ ਅੱਖਾਂ ਸ਼ਰਮਾਉਂਦੀਆਂ ਤੇ ਸ਼ਰਮੋਂ ਸ਼ਰਮੀ ਤੁਸੀਂ ਸਾਨੂੰ ਵੋਟਾਂ ਪਾਉਂਦੇ। ਜਦੋਂ ਮੂੰਹ ਨੇ ਖਾਧਾ ਹੀ ਨਹੀਂ ਤਾਂ ਅੱਖੋਂ ਕਿੱਥੋਂ ਸ਼ਰਮਾਉਂਦੀਆਂ ਤੇ ਤੁਸੀਂ ਸਾਨੂੰ ਵੋਟਾਂ ਕਿੱਦਾਂ ਪਾਉਂਦੇ? ਤੁਸੀਂ ਆਪਣੀ ਜਗ੍ਹਾ ਸੱਚੇ ਸੀ।

ਪਿਆਰੋ ਵੋਟਰੋ! ਇਸ ਵਾਰ ਚੋਣਾਂ ਵਿੱਚ ਮੈਂ ਤੁਹਾਡੀ ਕੋਈ ਆਰਥਿਕ ਸਹਾਇਤਾ ਵੀ ਨਹੀਂ ਕਰ ਸਕਿਆ। ਵੋਟਾਂ ਵਾਲੇ ਦਿਨ ਮੈਂ ਲੱਛਮੀ ਦੀ ਵਰਖਾ ਕਰਨ ਦਾ ਪੱਕਾ ਬੰਦੋਬਸਤ ਕੀਤਾ ਸੀ। ਨਕਦ ਨਾਰਾਇਣ ਦੇ ਗੱਡੇ ਭਰ ਬਰ ਤੁਹਾਡੇ ਗਲੀ ਮੁਹੱਲਿਆਂ ਵਿੱਚ ਘੱਲੇ ਸੀ, ਪਰ ਕੀ ਕਰਦੇ ਡਾਢੇ ਦਾ ਸੱਤੀਂ ਵੀਹੀਂ ਸੌ। ਡਾਹਢਿਆਂ ਨੇ ਥੋਨੂੰ ਰੁਪਈਏ ਤਾਂ ਕੀ ਵੰਡਣ ਦੇਣੇ ਸੀ, ਉਲਟਾ ਮੇਰੇ ਬੰਦੇ ਵੀ ਸੀਖਾਂ ਪਿੱਛੇ ਬੰਦ ਕਰਤੇ। ਤੁਹਾਡੀ ਸੇਵਾ ਨਾ ਕਰ ਸਕਣ ਕਾਰਨ ਦਿਲ ਜ਼ਾਰ ਜ਼ਾਰ ਰੋਂਦੈ। ਵੋਟਾਂ ਵਾਲੇ ਅਹਿਮ ਦਿਨ ਮੈਂ ਤੁਹਾਡੇ ਲਈ ਕਾਰਾਂ, ਟੈਂਪੂਆਂ ਰਿਕਸ਼ਿਆਂ ਦਾ ਵੀ ਬੰਦਿਸ਼ ਕਾਰਨ ਪ੍ਰਬੰਧ ਨਹੀਂ ਕਰ ਸਕਿਆ। ਪਤਾ ਨਹੀਂ ਇਹੋ ਜਿਹੀ ਸਰਦੀ ਤੇ ਮਾਤਮੀ ਮਾਹੌਲ ਵਿੱਚ ਤੁਸੀਂ ਵੋਟਾਂ ਪਾਈਆਂ ਵੀ ਹਨ ਕਿ ਨਹੀਂ। ਮੈਨੂੰ ਨਹੀਂ ਲੱਗਦਾ ਕਿ ਭੁੱਖੇ ਢਿੱਡੀਂ, ਖਾਲੀ ਜੇਬਾਂ, ਡਾਂਡੀ ਮਾਰਚ ਕਰਦਿਆਂ ਤੁਸੀਂ ਵੋਟਾਂ ਪਾਈਆਂ ਹੋਣਗੀਆਂ। ਆਖਰ ਤੁਸੀਂ ਵੀ ਇਨਸਾਨ ਹੋ। ਤੁਹਾਡੇ ਵੀ ਢਿੱਡ ਲੱਗਿਐ। ਵੈਸੇ ਜ਼ਮਾਨਾ ਵੀ ਇਹੀ ਕਹਿੰਦਾ ਹੈ ਕਿ ਇੱਕ ਹੱਥ ਦੇ ਤੇ ਇੱਕ ਹੱਥ ਲੈ। ਜਦੋਂ ਇੱਕ ਹੱਥ ਨਾਲ ਦਿੱਤਾ ਨਹੀਂ ਤਾਂ ਇੱਕ ਹੱਥ ਨਾਲ ਲਵਾਂਗਾ ਕਿਵੇਂ? ਲੱਗਦਾ ਹੈ ਜ਼ਮਾਨਤ ਜ਼ਬਤ ਹੋਵੇਗੀ, ਜਗ ਹਸਾਈ ਹੋਵੇਗੀ, ਫਰਜੰਦਾਂ ਨਾਲ ਪੁਆੜਾ ਪਵੇਗਾ, ਵਹੁਟੀ ਤੋਂ ਝਿੜਕਾਂ ਪੈਣਗੀਆਂ। ਰੱਬਾ ਮਿਹਰ ਕਰੀਂ। ਦਿਲ ਡਰਦੈ।

# ਸਰਪੰਚ ਨਾ ਬਣਾਈਂ..

-ਪਰਮਜੀਤ ਕੁਠਾਲਾ

ਸਵੇਰੇ ਸਾਝਰੇ ਉਹਨੇ ਸਾਈਕਲ ਘਰ ਮੂਹਰੇ ਆ ਲਾਇਆ। ਕਰੀਬ ਢਾਈ ਦਹਾਕੇ ਪਹਿਲਾਂ ਰਾਖਵੀਂ ਸੀਟ ਉੱਤੇ ਉਹ ਵਿਹੜੇ ਅੰਦਰਲੀ ਖਹਿਬਾਜ਼ੀ ਵਿੱਚ ਪਿੰਡ ਦਾ ਸਰਪੰਚ ਬਣ ਗਿਆ ਸੀ। ਦੂਰ ਦੀ ਰਿਸ਼ਤੇਦਾਰੀ ਵਿੱਚੋਂ ਉਹ ਮੇਰਾ ਚਾਚਾ ਲਗਦਾ ਸੀ। ਕਈ ਸਾਲਾਂ ਮਗਰੋਂ ਸਵੇਰੇ ਹੀ ਵੀਹ ਪੱਚੀ ਮੀਲ ਦੂਰੋਂ ਉਸ ਦਾ ਅਚਾਨਕ ਆਉਣਾ ਮੇਰੇ ਲਈ ਹੈਰਾਨੀਜਨਕ ਸੀ; ''ਚਾਚਾ ਕਿਵੇਂ ਅੱਜ ਤੜਕੇ ਹੀ ਧਾਵਾ ਬੋਲਿਆ?''

''ਬੱਸ ਬਿਨਾ ਕੰਮ ਤੋਂ ਕਿੱਥੇ ਆਇਆ ਜਾਂਦਾ।'' ਉਹ ਪਰਨੇ ਨਾਲ ਪਸੀਨਾ ਪੂੰਝਦਾ ਕੁਰਸੀ ਤੇ ਦੋਵੇਂ ਪੈਰ ਰੱਖ ਕੇ ਬੈਠ ਗਿਆ।

''ਕਿਵੇਂ ਚਲਦੀ ਐ ਫਿਰ ਸਰਪੰਚੀ?'' ਮੈਂ ਠੰਢੇ ਪਾਣੀ ਦਾ ਗਿਲਾਸ ਫੜਾਉਂਦਿਆਂ ਪੁੱਛਿਆ।

''ਅਨਪੜ੍ਹ ਗਰੀਬ ਦੀ ਸਰਪੰਚੀ ਸੁਆਹ ਹੁੰਦੀ ਆ, ਐਵੇਂ ਸਰਪੰਚੀ ਲੈ ਕੇ ਘਰ ਬਰਬਾਦ ਕਰ ਲਿਆ। ਨਾ ਘਰ ਦੇ ਰਹੇ, ਨਾ ਘਾਟ ਦੇ। ਜਿਹੜੀ ਦਿਹਾੜੀ ਜੋਤਾ ਕਰਦੇ ਤੀ, ਉਹਤੋਂ ਵੀ ਗਏ।'' ਉਹਦਾ ਅੰਦਰ ਛਲਕ ਪਿਆ। ਸਰਪੰਚ ਬਣ ਕੇ ਵੀ ਉਹ ਪਿੰਡ ਵਿੱਚ ਅਮੀਰ ਜ਼ਿਮੀਂਦਾਰ ਪੰਚਾਂ ਦੇ ਘਰ ਚਾਹ ਪਾਣੀ ਪਿਲਾਉਂਦਾ ਰਹਿੰਦਾ। 'ਸਰਪੰਚਾ ਜਾਈ ਰਾਮੂੰ ਨਾਲ ਮੱਝ ਨਵੇਂ ਦੁੱਧ ਕਰਵਾ ਕੇ ਲਿਆਈ।' ਕੋਈ ਨਾ ਕੋਈ ਪੰਚ ਉਹਨੂੰ ਕਿਸੇ ਨਾ ਕਿਸੇ ਕੰਮ ਤੋਰੀ ਰੱਖਦਾ।

ਪੰਚਾਇਤ ਸੈਕਟਰੀ ਵੀ ਅਕਸਰ ਜ਼ਿਮੀਂਦਾਰ ਪੰਚਾਂ ਦੇ ਘਰ ਆ ਕੇ ਉਸ ਤੋਂ ਪਹਿਲਾਂ ਹੀ ਲਿਖੇ ਕਈ ਮਤਿਆਂ ਅਤੇ ਚੈਕਾਂ ਉੱਤੇ ਦਸਖਤ ਕਰਵਾ ਲੈ ਕੇ ਜਾਂਦਾ। ਉਹ ਬਲਾਕ ਦਫਤਰ ਜਾ ਕੇ ਬਾਹਰ ਬੈਂਚਾਂ ਉੱਤੇ ਬੈਠਾ ਚਪੜਾਸੀਆਂ ਨਾਲ ਬੀੜੀਆਂ ਪੀਂਦਾ ਰਹਿੰਦਾ। ਇੱਕ ਅਫਸਰ ਉਹਨੂੰ ਮੁਹਾਲੀ ਬਣ ਰਹੀ ਆਪਣੀ ਕੋਠੀ ਦੀ ਨਜ਼ਰਸਾਨੀ ਲਈ ਆਪਣੇ ਨਾਲ ਲੈ ਗਿਆ। ਅਖੇ, ਸਰਪੰਚਾਂ! ਰਾਜ ਮਜ਼ਦੂਰਾਂ ਤੇ ਨਿਗਾਹ ਰੱਖੀਂ, ਬਾਜ਼ਾਰ ਤੋਂ ਮਾੜਾ ਮੋਟਾ ਸਮਾਨ-ਸੰਦਾ ਖਰੀਦ ਲਿਆਇਆ ਕਰੀ। ਚਲਦੀ ਦਿਹਾੜੀ ਨਾਲ ਚਾਹ ਰੋਟੀ ਫਰੀ ਮਿਲੂ। ਉਸ ਦੀ ਘਰਵਾਲੀ ਨੂੰ ਰਿਸ਼ਤੇਦਾਰ ਅਤੇ ਪਿੰਡ ਦੇ ਲੋਕ ਸਰਪੰਚਣੀ ਕਹਿ ਕੇ ਬੁਲਾਉਂਦੇ। ''ਦੇਖੀ ਸਰਪੰਚਣੀਏਂ, ਐਵੇਂ ਕਣਕ ਦਾ ਉਜਾੜਾ ਨਾ ਕਰੀ ਜਾਹ।'' ਖੇਤਾਂ ਵਿੱਚ ਕੱਖ ਲੈਣ ਗਈ ਨੂੰ ਕੋਈ ਜ਼ਿਮੀਂਦਰ ਦੂਰੋਂ ਹਾਕ ਮਾਰ ਕੇ ਖੇਤ ਵਿੱਚ ਵੜਨ ਤੋਂ ਰੋਕਦਾ। ਉਹ ਬੁੜ-ਬੁੜ ਕਰਦੀ ਅਗਲੇ ਖੇਤ ਦੀ ਵੱਟ ਚੜ੍ਹ ਜਾਂਦੀ।..

''ਚਾਚਾ ਹੋਰ ਸੁਣਾ, ਬਾਕੀ ਪਰਵਾਰ ਤਾਂ ਠੀਕ ਠਾਕ ਆ।'' ਮੈਂ ਚਾਹ ਦੇ ਕੱਪਾਂ ਵਾਲੀ ਟਰੇਅ ਉਸ ਦੇ ਸਾਹਮਣੇ ਮੇਜ਼ ਤੇ ਰਖਦਿਆਂ ਪੁੱਛਿਆ।

''ਬੱਸ ਭਤੀਜ, ਠੀਕ ਠੁਕ ਤਾਂ ਐਸਾ ਵੈਸਾ ਈ ਆ। ਆਹ ਇੱਕ ਚਿੱਠੀ ਜਿਹੀ ਆਈ ਆ। ਪਿੰਡ ਇੱਕ ਮਾਸਟਰ ਨੇ ਤਾਂ ਪੜ੍ਹ ਕੇ ਡਰਾ ਈ ਦਿੱਤਾ। ਕਹਿੰਦਾ, ਪਿੰਡੋਂ ਕਿਸੇ ਨੇ ਆਰਟੀ ਊਰਟੀ ਪਾ ਕੇ ਨਵਾਂ ਪੰਗਾ ਖੜ੍ਹਾ ਕਰਤਾ।'' ਉਸ ਨੇ ਚਾਹ ਦਾ ਛੜ੍ਹਾਕਾ ਮਾਰਦਿਆਂ ਜੇਬ ਵਿੱਚੋਂ ਮੋਹਰ ਵਾਲਾ ਲਿਫਾਫ ਮੇਰੇ ਵੱਲ ਵਧਾਇਆ।

ਮੈਂ ਚਿੱਠੀ ਖੋਲ੍ਹੀ। ਪਿੰਡ ਦੇ ਇੱਕ ਬੰਦੇ ਨੇ ਉਸ ਦੀ ਸਰਪੰਚੀ ਵੇਲੇ ਦਾ ਸਾਰਾ ਰਿਕਾਰਡ ਸੂਚਨਾ ਅਧਿਕਾਰ ਕਾਨੂੰਨ ਹੇਠ ਲੈ ਕੇ ਸਰਕਾਰੀ ਗਰਾਟਾਂ ਵਿੱਚ ਘੋਟਾਲਿਆਂ ਦੀ ਉਚ ਅਧਿਕਾਰੀਆਂ ਨੂੰ ਸ਼ਿਕਾਇਤ ਕਰ ਦਿੱਤੀ ਸੀ। ਉਸ ਨੂੰ ਪੰਚਾਇਤ ਅਧਿਕਾਰੀਆਂ ਸਮੇਤ ਤਲਬ ਕੀਤਾ ਗਿਆ ਸੀ। ਸ਼ਿਕਾਇਤ ਕਰਨ ਵਾਲਾ ਚਾਚੇ ਦਾ ਗੁਆਂਢੀ ਸੀ। ਗਲੀ ਵਿੱਚ ਕੂੜੇ ਪਿੱਛੇ ਦੋਵੇਂ ਘਰਾਂ ਦੀਆਂ ਜ਼ਨਾਨੀਆਂ ਦੇ ਝਗੜੇ ਦਾ ਭਾਵੇਂ ਪੰਚ-ਾਇਤ ਨੇ ਸਮਝੌਤਾ ਕਰਵਾ ਦਿੱਤਾ ਸੀ ਪਰ ਗੁਆਂਢੀਆਂ ਦਾ ਪੜ੍ਹਾਕੂ ਮੁੰਡਾ ਆਰ ਟੀ ਆਈ ਦੇ ਸਹਾਰੇ ਚਾਚੇ ਦੀ ਸਰਪੰਚੀ ਵੇਲੇ ਦਾ ਇਤਿਹਾਸ ਫਰੋਲਣ ਬਹਿ ਗਿਆ ਸੀ।

''ਇਹਦੀ ਪੜਤਾਲ ਤਾਂ ਹੋਊਗੀ, ਆਪਾਂ ਨੂੰ ਵਕੀਲ ਵੀ ਕਰਨਾ ਪਊ, ਪਰ ਪੜਤਾਲ ਪੂਰੀ ਹੋਣ ਨੂੰ ਕਈ ਸਾਲ ਲੱਗ ਜਾਣਗੇ, ਤੂੰ ਉਦੋਂ ਤੱਕ ਉਹਦੇ ਨਾਲ ਕੋਈ ਸਮਝੌਤਾ ਸਮਝੂਤਾ ਕਰ ਲੈ।'' ਮੈਂ ਉਸ ਨੂੰ ਸਲਾਹ ਦਿੱਤੀ।

''ਮੈਂ ਰੱਬ ਤੋਂ ਡਰਨ ਆਲਾ ਬੰਦਾਂ, ਕਦੇ ਕਿਸੇ ਤੋਂ ਧੇਲੀ ਦਾ ਰਵਾਦਾਰ ਨੀ ਹੈਗਾ, ਸਾਰੀਆਂ ਗਰਾਂਟਾਂ ਬਾਰੇ ਸੈਕਟਰੀ ਜਾਣੇ ਜਾਂ ਪੈਂਚ ਜਾਣਨ।'' ਘੁਟਾਲੇ ਦੀ ਸ਼ਿਕਾਇਤ ਬਾਰੇ ਸੁਣ ਕੇ ਉਹ ਡਰ ਗਿਆ ਸੀ।

''ਦੇਖ ਚਾਚਾ, ਕੀਤਾ ਕਰਿਆ ਤਾਂ ਸਾਰਾ ਅਫਸਰਾਂ ਨੇ ਈ ਆ ਪਰ ਕਾਗਜ਼ਾਂ ਤੇ ਦਸਤਖਤ ਤਾਂ ਤੇਰੇ ਕਰਵਾਏ ਨੇ, ਇਹਦਾ ਹੱਲ ਤਾਂ ਵਕੀਲ ਹੀ ਦੱਸਣਗੇ।'' ਮੈਨੂੰ ਉਸ ਦੀ ਹਾਲਤ ਉਤੇ ਤਰਸ ਆ ਰਹੀ ਸੀ।

''ਦੇਖ ਬਈ, ਮੇਰੇ ਕੋਲ ਛੁੱਟੀ ਕੌਡੀ ਨੀ ਹੈਗੀ, ਵਕੀਲ ਵਕੂਲ ਤੈਨੂੰ ਈ ਕਰਨੇ ਪੈਣਾਗੇ। ਬੱਸ ਆਹ ਕੁਛ ਆ ਮੇਰੇ ਕੋਲ ਤਾਂ, ਇਹਨੂੰ ਵੇਚ ਕੇ ਮੇਰਾ ਖਹਿੜਾ ਛੁਡਵਾ ਇਸ ਕੰਜਰਖਾਨੇ ਤੋਂ।'' ਉਹਨੇ ਆਪਣੇ ਖੀਸੇ ਵਿੱਚੋਂ ਰੁਮਾਲ ਦੀ ਪੋਟਲੀ ਖੋਲ੍ਹ ਕੇ ਮੇਜ਼ ਤੇ ਰੱਖ ਦਿੱਤੀ। ''ਆਹ ਤੇਰੀ ਚਾਚੀ ਨੂੰ ਵਿਆਹ ਵੇਲੇ ਮੇਰੀ ਮਾਂ ਦੇ ਪਾਏ ਸੋਨੇ ਦੇ ਤਵੀਤ ਨੇ, ਤੇ ਆਹ ਬਾਪੂ ਦੀ ਨਿਸ਼ਾਨੀ ਆ ਅੱਧੇ ਤੋਲੇ ਦੀ ਛਾਪ।'' ਉਸ ਨੇ ਪੁਸ਼ਤਾਂ ਤੋਂ ਘਰੇ ਸਾਂਭ ਕੇ ਰੱਖੀਆਂ ਸੋਨੇ ਦੀਆਂ ਟੂਮਾਂ ਇਕੱਠੀਆਂ ਕਰਕੇ ਮੇਰੇ ਵੱਲ ਵਧਾਇਆਂ।

''ਨਹੀਂ ਚਾਚਾ, ਇਹ ਸਾਂਭ ਕੇ ਰੱਖ ਲੈ, ਮੈਂ ਆਪਣੇ ਕਿਸੇ ਦੋਸਤ ਵਕੀਲ ਨਾਲ ਗੱਲ ਕਰਕੇ ਕੋਈ ਹੱਲ ਕੱਢਦਾਂ।'' ਮੈਂ ਟੂਮਾਂ ਰੁਮਾਲ ਵਿੱਚ ਬੰਨ੍ਹ ਕੇ ਉਸ ਦੇ ਖੀਸੇ ਪਾ ਦਿੱਤੀਆਂ। ਉਹਦੀਆਂ ਅੱਖਾਂ ਵਿੱਚ ਹੰਝੂ ਸਨ।

''ਬਈ ਮੇਰਾ ਖਹਿੜਾ ਛੁਡਾ, ਮੇਰੇ ਗਰੀਬ ਦੇ ਜੁਆਕ ਰੁਲ ਜਾਣਗੇ। ਉਹ ਗਿੜਗਿੜਾਇਆ, ''ਜੇ ਇਸ ਕੁੱਤਖਾਨੇ ਦਾ ਪਤਾ ਹੁੰਦਾ ਤਾਂ ਕਦੇ ਸਰਪੰਚ ਨਾ ਬਣਦਾ।''

''ਚਾਚਾ ਤੂੰ ਫਿਕਰ ਨਾ ਕਰ, ਤੈਨੂੰ ਕੁੱਛ ਨੀ ਹੁੰਦਾ, ਮੈਂ ਆਪੇ ਪੈਰਵੀ ਕਰੂੰਗਾ।'' ਮੈਂ ਹੌਸਲਾ ਦਿੱਤਾ।

ਸ਼ਿਕਾਇਤ ਕਰਤਾ ਨੂੰ ਦੋ ਤਿੰਨ ਵਾਰ ਮਿਲਣ ਪਿੱਛੋਂ ਵੀ ਉਹ ਕਿਸੇ ਰਾਹ ਨਹੀਂ ਆਇਆ। ਅਖੀਰ ਇੱਕ ਦੋਸਤ ਵਕੀਲਾਂ ਦੀ ਮਦਦ ਨਾਲ ਦੋ ਤਿੰਨ ਸਾਲਾਂ ਭੱਜ ਨੱਠ ਪਿੱਛੋਂ ਚਾਚੇ ਦਾ ਖਹਿੜਾ ਛੁੱਟ ਗਿਆ ਪਰ ਸੰਵਿਧਾਨਿਕ ਮਜਬੂਰੀ ਹੇਠ ਬਣਦੇ ਗਰੀਬ ਅਨਪੜ੍ਹ ਸਰਪੰਚਾਂ ਦੀ ਹੋਣੀ ਅਜੇ ਵੀ ਦਿਮਾਗ ਵਿੱਚ ਕਈ ਸਵਾਲ ਖੜ੍ਹੇ ਕਰ ਰਹੀ ਸੀ।

## ਮਿੰਨੀ ਕਹਾਣੀਆਂ

### ਬ੍ਰੈੱਡਪੀਸ

-ਪਰਸ਼ੋਤਮ ਸਿੰਘ

ਕੈਨੇਡਾ ਗਏ ਭਜਨ ਸਿੰਘ ਨੇ ਚਾਹ ਪੀਣ ਲੱਗਿਆਂ ਆਪਣੇ ਪੋਤਰੇ ਨੂੰ ਆਵਾਜ਼ ਮਾਰ ਕੇ ਕਿਹਾ, ''ਓ ਵਿੰਟੀ ਇੱਕ ਪੀਸ ਬ੍ਰੈੱਡ ਦਾ ਲਿਆਈਂ ਪੁੱਤਰਾ।''

ਵਿੰਟੀ ਨੇ ਆਪਣੀ ਮੰਮੀ ਨੂੰ ਕਿਹਾ, ''ਦਾਦੂ ਬ੍ਰੈੱਡ ਮੰਗਦੇ ਹਨ।''

ਨੂੰਹ ਨੇ ਬ੍ਰੈੱਡ ਦਾ ਉਪਰਲਾ ਸੁੱਕਿਆ ਹੋਇਆ ਪੀਸ ਅਤੇ ਜੈਮ ਦੀ ਸ਼ੀਸ਼ੀ ਵੀ, ਜਿਸ ਦੀ ਮਿਆਦ ਲੰਘੀ ਹੋਈ ਸੀ, ਵਿੰਟੀ ਦੇ ਹੱਥ ਭੇਜ ਦਿੱਤੀ। ਭਜਨ ਸਿੰਘ ਨੇ ਸੋਚਿਆ ਕਿ ਬ੍ਰੈੱਡ ਹੁਣੇ ਖੋਲ੍ਹੀ ਹੈ, ਇਸ ਲਈ ਉਪਰਲਾ ਪੀਸ ਮੈਨੂੰ ਆ ਗਿਆ ਹੈ। ਦੂਜਾ ਮੰਗ ਲੈਂਦੇ ਹਾਂ, ਉਹ ਠੀਕ ਹੋਵੇਗਾ।

ਭਜਨ ਸਿੰਘ ਨੇ ਦੁਬਾਰਾ ਵਿੰਟੀ ਪੋਤਰੇ ਨੂੰ ਆਵਾਜ਼ ਮਾਰ ਕੇ ਕਿਹਾ, ''ਪੁੱਤਰ, ਇੱਕ ਪੀਸ ਹੋਰ ਲੈ ਕੇ ਆਈਂ।''

ਨੂੰਹ ਨੇ ਬ੍ਰੈੱਡ ਦਾ ਹੇਠਲਾ ਸੁਕਿਆ ਹੋਇਆ ਪੀਸ ਕੱਢ ਕੇ ਬਜ਼ੁਰਗ ਭਜਨ ਸਿੰਘ ਨੂੰ ਭੇਜ ਦਿੱਤਾ। ਇਹ ਵੇਖ ਕੇ ਭਜਨ ਸਿੰਘ ਨੇ ਨੂੰਹ ਨੂੰ ਕਿਹਾ, ''ਪੁੱਤ, ਜੇ ਮੈਂ ਕੈਨੇਡਾ ਨਾ ਆਉਂਦਾ ਤਾਂ ਇਹ ਬ੍ਰੈੱਡ ਪੀਸਲ ਤੇ ਜੈਮ ਕਿਸ ਨੂੰ ਦਿੰਦੇ?''

ਨੂੰਹ ਦਾ ਉਤਰ ਸੀ, ''ਫਿਰ ਅਸੀਂ ਇਹ ਪੀਸ ਲਵਲੀ ਕੁੱਤੇ ਨੂੰ ਪਾ ਦੇਣਾ ਸੀ।''

### ਲੱਖਪਤੀ ਕਾਮਾ

-ਡਾ. ਹਰਨੇਕ ਸਿੰਘ ਕੈਲੇ

ਸਵੇਰੇ ਜਦ ਉਹ ਫੈਕਟਰੀ ਦਾ ਗੇਟ ਲੰਘ ਕੇ ਅੰਦਰ ਵੜਿਆ ਤਾਂ ਕਾਮਿਆਂ ਵਿੱਚ ਹੋ ਰਹੀ ਘੁਸਰ ਮੁਸਰ ਉਸ ਦੇ ਕੰਨੀਂ ਪਈ, ''ਪੰਜ ਸੌ ਤੇ ਹਜ਼ਾਰ ਦੇ ਨੋਟ ਬੰਦ ਹੋਣਗੇ।'' ਉਸ ਨੇ ਇਸ ਵੱਲ ਧਿਆਨ ਨਾ ਦਿੱਤਾ ਤੇ ਆਪਣੇ ਕੰਮ ਵਿੱਚ ਜੁਟ ਗਿਆ। ਸ਼ਾਮ ਨੂੰ ਛੁੱਟੀ ਵੇਲੇ ਉਸ ਨੂੰ ਮਾਲਕ ਨੇ ਬੁਲਾ ਕੇ ਆਖਿਆ, ''ਮੈਂ ਆਪਣੇ ਕਾਮਿਆਂ ਦੀ ਛਾਂਟੀ ਕਰ ਰਿਹਾਂ। ਤੂੰ ਮੇਰਾ ਆਪਣਾ ਬੰਦੈਂ। ਤੂੰ ਇਥੇ ਈ ਰਹੇਂਗਾ। ਮੈਂ ਤੈਨੂੰ ਸਾਲ ਭਰ ਦੀ ਅਡਵਾਂਸ ਤਨਖਾਹ ਦੇਣਾ।'' ਉਸ ਨੇ ਇੰਨਾ ਕਹਿੰਦਿਆਂ ਹੀ ਹਜ਼ਾਰ ਵਾਲੇ ਨੋਟਾਂ ਦੀ ਦੱਥੀ ਫੜਾ ਦਿੱਤੀ। ਉਹ ਭਮੱਤਰ ਜਿਹਾ ਗਿਆ। ਇੰਨੇ ਰੁਪਏ ਤਾਂ ਉਸ ਨੇ ਕਦੇ ਵੇਖੇ ਹੀ ਨਹੀਂ ਸੀ ਅਤੇ ਇਹ ਹੁਣ ਉਸ ਦੇ ਆਪਣੇ ਸਨ। ਉਹ ਲੱਖਪਤੀ ਬਣ ਗਿਆ ਸੀ। ਉਹ ਮਾਲਕ ਦਾ ਧੰਨਵਾਦ ਕਰਦਾ ਕਰਦਾ ਉਸ ਦੇ ਪੈਰੀਂ ਡਿੱਗ ਪਿਆ। ਘਰ ਜਾ ਕੇ ਉਸ ਨੇ ਇਹ ਰੁਪਏ ਆਪਣੀ ਘਰ ਵਾਲੀ ਨੂੰ ਵਿਖਾਏ ਤਾਂ ਉਹ ਬੇਹੋਸ਼ ਹੋਣ ਵਾਲੀ ਹੋ ਗਈ।

ਉਸ ਨੂੰ ਰਾਤ ਮਸਾਂ ਲੰਘੀ। ਅਗਲੀ ਸਵੇਰ ਉਹ ਇਹ ਰੁਪਏ ਆਪਣੇ ਖਾਤੇ ਵਿੱਚ ਜਮ੍ਹਾ ਕਰਵਾਉਣ ਲਈ ਬੈਂਕ ਅੱਗੇ ਲੱਗੀ ਲਾਈਨ ਵਿੱਚ ਖਲੋ ਗਿਆ। ਜਦ ਚਾਰ ਕੁ ਘੰਟਿਆਂ ਮਗਰੋਂ ਉਸ ਦੇ ਅੱਗੇ ਤਿੰਨ ਚਾਰ ਜਣੇ ਰਹਿ ਗਏ ਤਾਂ ਉਸ ਨੂੰ ਕਿਸੇ ਨੇ ਆਖਿਆ, ''ਇਨਕਮ ਟੈਕਸ ਮਹਿਕਮਾ ਜਾਂਚ ਕਰੂਗਾ ਕਿ ਤੇਰੇ ਕੋਲ ਐਨੇ ਰੁਪਏ ਕਿੱਥੋਂ ਆਏ।'' ''ਮੈਂ ਦੱਸ ਦਿਆਂਗਾ ਕਿ ਮਾਲਕ ਨੇ ਮੈਨੂੰ ਅਡਵਾਂਸ ਤਨਖਾਹ ਦਿੱਤੀ ਐ।'' ਉਸ ਨੇ ਕਿਹਾ, ''ਮਾਲਕ ਨੇ ਮੁਕਰ ਜਾਣੈ ਤੇ ਤੂੰ ਫਸ ਜਾਣੈ।'' ਉਸ ਦੇ ਪਿੱਛੇ ਖੜ੍ਹੇ ਬੰਦੇ ਨੇ ਉਸ ਨੂੰ ਸੰਭਾਵਿਤ ਖਤਰੇ ਬਾਰੇ ਸੁਚੇਤ ਕੀਤਾ। ਉਹ ਸੋਚਣ ਲੱਗ ਪਿਆ ਕਿ ਆਪਣੇ ਹੱਥ ਵਿੱਚ ਫੜੇ ਨੋਟ ਬੈਂਕ ਵਿੱਚ ਜਮ੍ਹਾ ਕਰਵਾਏ ਜਾਂ ਨਾ। ਉਸ ਦੇ ਲੱਖਪਤੀ ਬਣਨ 'ਤੇ ਕਿੰਤੂ ਲੱਗ ਗਿਆ ਸੀ।

# ਚੀਰੇ ਵਾਲੇ ਨੂੰ ਕਦਰ ਨਹੀਂ..

-ਮਨਿੰਦਰ ਸਿੰਘ



ਜੇ ਪੰਜਾਬ ਦੇ ਲੋਕਧਾਰਾਈ ਵਰਤਾਰਿਆਂ ਦੀ ਗੱਲ ਕਰੀਏ ਤਾਂ ਇਨ੍ਹਾਂ ਵਿੱਚ ਲੋਕ ਸਾਹਿਤ ਸਭ ਤੋਂ ਵੱਧ ਮਹੱਤਤਾ ਰੱਖਣ ਵਾਲਾ ਵਰਤਾਰਾ ਹੈ ਅਤੇ ਪੰਜਾਬ ਦੇ ਲੋਕ ਸਾਹਿਤ ਦੀ ਗੱਲ ਕਰਦਿਆਂ ਇਸ ਵਰਤਾਰੇ ਵਿੱਚੋਂ ਲੋਕ ਗੀਤਾਂ ਦਾ ਮਹੱਤਵ ਸਪੱਸ਼ਟ ਦਿਖਾਈ ਦਿੰਦਾ ਹੈ। ਸਮਾਜਿਕ ਘੁਟਣ ਦੇ ਮਾਹੌਲ ਵਿੱਚ ਔਰਤ ਕੋਲ ਅਜਿਹੇ ਮੌਕੇ ਘੱਟ ਹੀ ਹੁੰਦੇ ਸਨ ਜਿਸ ਰਾਹੀਂ ਉਹ ਆਪੇ ਦਾ ਪ੍ਰਗਟਾਵਾ ਕਰ ਸਕਦੀ। ਮਨ ਦੇ ਭਾਵਾਂ ਦੇ ਪ੍ਰਗਟਾਵਾ ਕਰਨ ਲਈ ਲੋਕ ਗੀਤ ਹੀ ਪ੍ਰਚੱਲਿਤ ਅਤੇ ਪ੍ਰਵਾਨਿਤ ਸਾਧਨ ਸਨ। ਪੇਂਡੂ ਸਮਾਜ ਦੀ ਔਰਤ ਕੋਲ ਗੀਤਾਂ ਦੇ ਰੂਪ ਵਿੱਚ ਅਜਿਹੇ ਕਲਾਤਮਕ ਹਥਿਆਰ ਸਨ, ਜਿਸ ਨਾਲ ਉਹ ਉਨ੍ਹਾਂ ਸਾਰੇ ਭਾਵਾਂ ਦਾ ਪ੍ਰਗਟਾਵਾ ਅਸਪੱਸ਼ਟ ਰੂਪ ਨਾਲ ਕਰ ਸਕਦੀ ਸੀ, ਜਿਨ੍ਹਾਂ ਨੂੰ ਸਪੱਸ਼ਟ ਰੂਪ ਵਿੱਚ ਬਿਆਨ ਕਰਨਾ ਔਖਾ ਸੀ। ਗੀਤਾਂ ਰਾਹੀਂ ਖੁਦ ਨੂੰ ਪ੍ਰਗਟ ਕਰਨ ਦੀ ਖੁੱਲ੍ਹ ਉਸ ਨੂੰ ਸਮਾਜ ਨੇ ਦਿੱਤੀ ਸੀ। ਇਸ ਖੁੱਲ੍ਹ ਦਾ ਜ਼ਿਕਰ ਵਾਰਸ ਦੀ ਹੀਰ ਵਿੱਚ ਵੀ ਮਿਲਦਾ ਹੈ:

ਲਾਲ ਚਰਖੜਾ ਡਾਹ ਕੇ ਸੋਪ ਪਾਈਏ,  
ਕੇਹੇ ਸੋਹਣੇ ਗੀਤ ਝਨਾਉਂਦੇ ਨੇ,  
ਬਾਹਰ ਫਿਰਨ ਨਾ ਸੋਂਹਦਾ ਕੁਆਰੀਆਂ ਨੂੰ,  
ਅੱਜ ਕੱਲ੍ਹ ਲਾਗੀ ਘਰੇ ਆਉਂਦੇ ਨੇ,  
ਚੂਚਕ ਸਿਆਲ ਹੋਰੀਂ ਨੀਂ ਹੀਰੇ ਜਾਣਦੀ ਏਂ,  
ਸਰਦਾਰ ਤੇ ਪੈਂਚ ਗਿਰਾਉਂ ਦੇ ਨੇ,  
ਨੀਵੀਂ ਨਜਰ ਹਿਆਉ ਦੇ ਨਾਲ ਰਹੀਏ,  
ਤੈਨੂੰ ਸਭ ਸਿਆਣੇ ਫਰਮਾਉਂਦੇ ਨੇ।

ਪੰਜਾਬ ਦੇ ਲੋਕਧਾਰਾਈ ਖਜ਼ਾਨੇ ਵਿੱਚ ਬੇਸ਼ੁਮਾਰ ਲੋਕ ਗੀਤ ਹਨ। ਇਨ੍ਹਾਂ ਲੋਕ ਗੀਤਾਂ ਦੀ ਵਿਸ਼ਾਲਤਾ ਵਿਆਹ ਦੇ ਗੀਤਾਂ ਦੀ ਮੁਥਾਜ ਨਹੀਂ, ਸਗੋਂ ਇਹ ਸੁਹਾਗ ਤੇ ਘੋੜੀਆਂ ਲੋਕ ਗੀਤਾਂ ਦੇ ਸਾਗਰ ਵਿੱਚ ਇਕ ਬੂੰਦ ਦੇ ਬਰਾਬਰ ਹਨ। ਲੋਕ ਗੀਤਾਂ ਦਾ ਇਕ ਵਿਸ਼ਾਲ ਭੰਡਾਰ ਜੋ ਵਿਆਹ ਗੀਤਾਂ ਤੋਂ ਬਾਹਰਲਾ ਸੀ, ਅੱਜ ਸਾਡੇ ਚੇਤਿਆਂ ਵਿੱਚੋਂ ਵਿਸਰਦਾ ਜਾ ਰਿਹਾ ਹੈ। ਪੁਰ-ਾਤਨ ਪੇਂਡੂ ਔਰਤ ਦੀ ਤ੍ਰਾਸਦਿਕ ਮਨੋਬਿਰਤੀ ਦੀ ਪੇਸ਼ਕਾਰੀ ਨਾਲ ਸਬੰਧਤ ਗੀਤ ਅੱਜ ਦੇ ਪੰਜਾਬੀ ਮਨ ਵਿੱਚ ਧੁੰਦਲੇ ਹੋ ਗਏ ਹਨ। ਔਰਤ ਜਦੋਂ ਵਿਆਹ ਤੋਂ ਬਾਅਦ ਸਹੁਰੇ ਘਰ ਆਉਂਦੀ ਹੈ ਤਾਂ ਉਸ ਦੇ ਮਨ ਵਿੱਚ ਬਹੁਤ ਸਾਰੇ ਚਾਅ ਤੇ ਸੱਧਰਾਂ ਹੁੰਦੀਆਂ ਹਨ, ਪਰ ਜੇ ਅੱਗੋਂ ਪਤੀ ਦਾ ਪਿਆਰ ਨਾ ਮਿਲੇ ਤਾਂ ਮਨ ਵਿਚਲੀ ਪੀੜਾ ਚਿੰਨ੍ਹਾਤਮਕ ਰੂਪ ਰਾਹੀਂ ਲੋਕ ਗੀਤਾਂ ਦੇ ਰੂਪ ਵਿੱਚ ਸਾਕਾਰ ਹੁੰਦੀ ਹੈ:

ਲਉ ਪੀੜ੍ਹਾ ਬਹੁ ਸਾਹਮਣੇ,  
ਸਾਡੇ ਪਲੰਘ ਤੇ ਥਾਂਉ ਨਹੀਂ,  
ਨੀ ਗੋਰੀਏ ਗੱਲਾਂ ਕਰਨੇ ਦਾ ਚਾਉ ਨਹੀਂ,  
ਹੰਝੂ ਡੁੱਲ੍ਹੇ ਭੁਇੰ ਪਏ,  
ਇਨ੍ਹਾਂ ਡੁੱਲ੍ਹਿਆਂ ਦੀ ਖਬਰ ਨਹੀਂ,  
ਰੱਬਾ ਚੀਰੇ ਵਾਲੇ ਨੂੰ ਕਦਰ ਨਹੀਂ,

ਪੇਂਡੂ ਮਰਦ ਪ੍ਰਧਾਨ ਸਮਾਜ ਵਿੱਚ ਘਰੇਲੂ ਹਿੰਸਾ ਸਾਧਾਰਨ ਗੱਲ ਰਹੀ ਹੈ। ਅਜਿਹੀ ਪੀੜ ਭਰਪੂਰ ਮਨੋਦਸ਼ਾ ਲੋਕ ਗੀਤਾਂ ਨੂੰ ਮਾਧਿਅਮ ਬਣਾ ਕੇ ਆਪਣੇ ਆਪ ਨੂੰ ਪ੍ਰਗਟ ਕਰਦੀ ਹੈ।

ਇਕ ਨਾ ਮਾਰੀਂ ਸਿੰਘਾ ਸੋਟੜਾ,  
ਮਾਂ ਦਿਆ ਕਾਹਨ ਚੰਦਾ,  
ਇਕ ਨਾ ਦੇਵੀਂ ਮਾਂ ਦੀ ਗਾਲ,  
ਖੂਨੀ ਨੈਣ ਜਲ ਭਰੇ।

ਰੋਹ ਦੀ ਭਾਵਨਾ ਨੇ ਇਨ੍ਹਾਂ ਅੱਖਾਂ ਨੂੰ ਖੂਨੀ ਕਰ ਦਿੱਤਾ, ਪਰ ਇਹ ਰੋਹ ਸਮਾਜਿਕ ਸਥਿਤੀ ਵਿੱਚ ਸੁਧਾਰ ਕਰਨ ਤੋਂ ਅਸਮਰੱਥ ਹੈ ਅਤੇ ਬੇਬਸੀ ਨੇ ਇਨ੍ਹਾਂ ਰੋਹ ਭਰੀਆਂ ਅੱਖਾਂ ਨੂੰ ਨਮ ਕਰ ਦਿੱਤਾ ਹੈ। ਮਾਪਿਆਂ ਦੀ ਸਮਾਜਿਕ ਅਤੇ ਆਰਥਿਕ ਗਰੀਬੀ ਨਾਲ ਇਹ ਬੇਬਸੀ ਸਥਾਈ ਹੋ ਗਈ ਹੈ:

ਪੇਕਿਆਂ ਤੋਂ ਲਿਆ ਨਾਜੋ ਗੋਲੀਆਂ,  
ਨੀਂ ਮੇਰੀ ਗੋਰੀਏ,  
ਫੇਰ ਨਾ ਦੇਊ ਮਾਂ ਦੀ ਗਾਲ,  
ਖੂਨੀ ਨੈਣ ਜਲ ਭਰੇ।  
ਭੈਣਾਂ ਨੂੰ ਦੇਈਂ ਸਿੰਘਾ ਗੋਲੀਆਂ,  
ਮਾਂ ਦਿਆ ਕਾਹਨ ਚੰਦਾ,  
ਸਾਡੇ ਤਾਂ ਮਾਪੇ ਨੀਂ ਗਰੀਬ,  
ਖੂਨੀ ਨੈਣ ਜਲ ਭਰੇ।

ਮਰਦ ਪ੍ਰਧਾਨ ਸਮਾਜ ਵਿੱਚ ਔਰਤ ਦਾ ਸ਼ੋਸ਼ਣ ਕੇਵਲ ਮਾਨਸਿਕ ਹੀ ਨਹੀਂ, ਬਲਕਿ ਸਰੀਰਕ ਵੀ ਹੋਇਆ ਹੈ। ਜਿਨ੍ਹਾਂ ਔਰਤਾਂ ਦੇ ਪਤੀ ਨੌਕਰ ਹੋ ਗਏ, ਉਨ੍ਹਾਂ ਨੂੰ ਸਰੀਰਕ ਸ਼ੋਸ਼ਣ ਦਾ ਸਾਹਮਣਾ ਵੀ ਕਰਨਾ ਪਿਆ। ਉਹ ਸਾਰੇ ਭਾਵ ਜੋ ਵਿਹਾਰਕ ਨਹੀਂ ਹੋ ਸਕੇ, ਨੂੰ ਗੀਤਾਂ ਦੇ ਮਾਧਿਅਮ ਰਾਹੀਂ ਪ੍ਰਗਟਾਇਆ ਗਿਆ ਅਤੇ ਇਹੀ ਪ੍ਰਗਟਾਵਾ ਜਨ ਸਾਧਾਰਨ ਦੀ ਪ੍ਰਤੀਨਿਧਤਾ ਦੇ ਕਾਰਨ ਲੋਕ ਗੀਤਾਂ ਦਾ ਰੂਪ ਲੈ ਗਿਆ:

ਮੈਂ ਤੈਨੂੰ ਪੁੱਛਦਾ ਗੋਰੀਏ,  
ਰੰਗ ਤੇਰਾ ਕਾਲਾ ਪਿਆ,  
ਕਿਨ ਪਕੜੀ ਤੇਰੀ ਬਾਂਹ,  
ਬਾਲਾ ਜੋਬਨ ਕਿਨ ਮੋਹ ਲਿਆ।  
ਮੈਂ ਤੈਨੂੰ ਦੱਸਦੀ ਚਾਕਰਾ ਵੇ,  
ਹਰਨੀ ਨੂੰ ਮਿਰਗ ਪਿਆ,  
ਤੇਰਾ ਛੋਟਾ ਭਾਈ ਜੋ ਚੰਡਾਲ,  
ਬਾਲਾ ਜੋਬਨ ਉਸ ਮੋਹ ਲਿਆ।

ਇਹ ਪੰਜਾਬ ਦੀ ਔਰਤ ਦਾ ਸਿਦਕ ਹੈ ਕਿ ਉਹ ਮਾਨਸਿਕ ਅਤੇ ਸਰੀਰਕ ਪੀੜ ਸਹਿੰਦੀ ਹੋਈ ਵੀ ਅਜਿਹਾ ਨਹੀਂ ਚਾਹੁੰਦੀ ਕਿ ਉਸ ਦਾ ਪਤੀ ਆਪਣੇ ਛੋਟੇ ਭਰਾ ਦਾ ਕਾਤਲ ਬਣ ਜਾਵੇ:

ਕੋਈ ਪੰਜੇ ਲਿਆਉ ਕੱਪੜੇ, ਪੰਜੇ ਹਥਿਆਰ ਮੇਰੇ,  
ਕੋਈ ਮਾਰੀਏ ਛੋਟਾ ਭਰਾ, ਤੇ ਵੈਰਾਗੀ ਹੋ ਚਲੀਏ।  
ਘਰ ਦਾ ਵੀਰ ਨਾ ਮਾਰੀਏ, ਭਾਈਆਂ ਦੀ ਬਾਂਹ ਭੱਜ ਜੇ,  
ਮਾਰੀਏ ਘਰ ਦੀ ਨਾਰ, ਨਾਰਾਂ ਹੋਰ ਵਿਆਹ ਲਈਏ।

ਔਰਤ ਦੇ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਦੀ ਬਾਤ ਪਾਉਂਦੇ ਅਨੇਕਾਂ ਹੀ ਗੀਤ ਪੰਜਾਬ ਦੀ ਲੋਕਧਾਰਾ ਵਿੱਚ ਸ਼ਾਮਲ ਹਨ। ਔਰਤ ਦੀ ਆਪਣੇ ਪੇਕੇ ਪਰਵਾਰ ਨਾਲ ਭਾਵਨਾਤਮਕ ਸਾਂਝ ਬਹੁਤ ਹੀ ਗਹਿਰੀ ਹੁੰਦੀ ਹੈ। ਪੇਕੇ ਪਰਵਾਰ ਵਿਚਲਾ ਭਰਾ ਦਾ ਸਾਕ ਅਜਿਹਾ ਰਿਸ਼ਤਾ ਹੈ, ਜੋ ਭਾਵਨਾਤਮਕ ਤੌਰ 'ਤੇ ਬਹੁਤ ਗੂੜ੍ਹਾ ਹੁੰਦਾ ਹੈ। ਇਹ ਰਿਸ਼ਤਾ ਅਜਿਹਾ ਹੁੰਦਾ ਹੈ ਕਿ ਭੈਣ ਆਪਣੇ ਭਰਾ ਦੀ ਹੱਤਕ ਸਹਿਣ ਨਹੀਂ ਕਰ ਸਕਦੀ, ਪਰ ਵਿਆਹ ਤੋਂ ਬਾਅਦ ਕਈ ਵਾਰ ਸਥਿਤੀ ਅਜਿਹੀ ਬਣ ਜਾਂਦੀ ਹੈ ਕਿ ਔਰਤ ਭਰਾ ਦੀ ਹੱਤਕ ਸਹਿੰਦੀ ਵੀ ਹੈ ਅਤੇ ਇਸ ਦਾ ਸਮਰਥਨ ਵੀ ਕਰਦੀ ਹੈ।

# ਜਦੋਂ ਮੈਂ ਇੰਟਰਵਿਊ ਦੇਣ ਗਿਆ

-ਨਵਦੀਪ ਸਿੰਘ ਭਾਟੀਆ



ਸਿਰਫ 21 ਸਾਲ ਦੀ ਉਮਰ ਵਿੱਚ ਐਮ ਏ ਅੰਗਰੇਜ਼ੀ ਕਰਕੇ ਮੈਂ ਆਪਣੇ ਸ਼ਹਿਰ ਖੰਨਾ ਦੇ ਇਕ ਪ੍ਰਾਈਵੇਟ ਸਕੂਲ 'ਚ ਅਧਿਆਪਕ ਦੀ ਆਸਾਮੀ ਲਈ ਅਰਜ਼ੀ ਦੇਣ ਗਿਆ। ਉਸ ਸਕੂਲ ਦੇ ਪ੍ਰਿੰਸੀਪਲ ਨੇ ਮੈਨੂੰ ਇਹ ਕਹਿ ਕੇ ਨਿਰਾਸ਼ ਕਰ ਦਿੱਤਾ ਕਿ ਸਾਰੀਆਂ ਪੋਸਟਾਂ ਭਰ ਗਈਆਂ ਹਨ, ਅਗਲੇ ਸਾਲ ਤੁਹਾਡੇ ਬਾਰੇ ਸੋਚਾਂਗੇ। ਮੈਂ ਸਤਿ ਸ੍ਰੀ ਅਕਾਲ ਬੁਲਾ ਕੇ ਜਦੋਂ ਦਫਤਰ 'ਚੋਂ ਬਾਹਰ ਜਾਣ ਲੱਗਾ, ਮੈਨੂੰ ਇਕ ਆਵਾਜ਼ ਨੇ ਰੋਕ ਲਿਆ। 'ਤੁਸੀਂ ਮੇਰੇ ਸਕੂਲ ਮਾਛੀਵਾੜੇ ਪੜ੍ਹਾਉਣ ਆ ਸਕਦੇ ਹੋ?' ਖੰਨਾ ਸ਼ਹਿਰ ਦੇ ਪ੍ਰਿੰਸੀਪਲ ਦੇ ਪ੍ਰਿੰਸੀਪਲ ਸਾਥੀ ਨੇ ਮੈਨੂੰ ਪੁੱਛਿਆ। ਉਹ ਚੋਪੜਾ ਪਬਲਿਕ ਸਕੂਲ ਮਾਛੀਵਾੜੇ ਦੇ ਪ੍ਰਿੰਸੀਪਲ ਸਨ। ਜਦੋਂ ਮੈਂ ਅਰਜ਼ੀ ਦੇਣ ਗਿਆ ਤਾਂ ਉਹ ਉਥੇ ਹੀ ਬੈਠੇ ਵੇਖ ਰਹੇ ਸਨ। ਮੇਰੀਆਂ ਅੱਖਾਂ ਵਿੱਚ ਚਮਕ ਆਈ ਤੇ ਮੈਂ ਤੁਰੰਤ ਹਾਂ ਵਿੱਚ ਸਿਰ ਹਿਲਾ ਦਿੱਤਾ।

ਮਾਛੀਵਾੜਾ ਮੇਰੇ ਖੰਨਾ ਸ਼ਹਿਰ ਤੋਂ 25 ਕਿਲੋਮੀਟਰ ਦੂਰ ਸੀ। ਮੇਰੇ ਘਰੇਗੀ ਹਾਲਾਤ ਨੇ ਮੈਨੂੰ ਇਸ ਉਮਰ 'ਚ ਕੰਮ ਕਰਨ ਲਈ ਮਜਬੂਰ ਕਰ ਦਿੱਤਾ। ਉਂਜ ਇਹ ਉਮਰ ਘੁੰਮਣ ਫਿਰਨ ਦੀ ਹੁੰਦੀ ਹੈ, ਪਰ ਐਸ਼ ਵੀ ਕੈਸ਼ ਨਾਲ ਹੁੰਦੀ ਹੈ। ਮੈਨੂੰ ਯਾਦ ਹੈ ਕਿ ਮੇਰੇ ਕਈ ਮਿੱਤਰ ਰਈਸ ਖਾਨਦਾਨਾਂ ਵਿੱਚੋਂ ਸਨ। ਪੈਸੇ ਦੀ ਕੋਈ ਚਿੰਤਾ ਨਹੀਂ ਸੀ। ਮੋਟਰ ਸਾਈਕਲਾਂ 'ਤੇ ਕਾਲਜ ਪੜ੍ਹਨ ਆਉਂਦੇ ਸੀ ਅਤੇ ਬਾਪੂ ਦੇ ਪੈਸੇ ਕੰਟੀਨ 'ਚ ਬੈਠ ਕੇ ਉਡਾਉਂਦੇ ਸੀ। ਸਾਡੇ ਕਾਲਜ ਵੱਲੋਂ ਹਰ ਸਾਲ ਦੂਰ ਦੁਰਾਡੇ ਦੇ ਸਟੇਸ਼ਨ 'ਤੇ ਜਾਂਦੇ ਸਨ, ਪਰ ਮੈਂ ਇਕ ਵਾਰੀ ਵੀ ਨਾ ਜਾ ਸਕਿਆ। ਪੈਸੇ ਦੀ ਥੁੜ੍ਹ ਕਰਕੇ ਮਾਛੀਵਾੜੇ ਸਕੂਲ 'ਚ ਮੈਨੂੰ 1000 ਰੁਪਏ ਤਨਖਾਹ ਮਿਲਦੀ ਸੀ। 300 ਰੁਪਏ ਬੱਸ ਦੇ ਕਿਰਾਏ 'ਤੇ ਖਰਚ ਹੋ ਜਾਂਦੇ ਸੀ। ਵਕਤ ਨੂੰ ਧੱਕਾ ਦੇ ਰਿਹਾ ਸੀ। ਆਸ ਦੀ ਕੋਈ ਕਿਰਨ ਨਜ਼ਰ ਨਹੀਂ ਆਉਂਦੀ ਸੀ। ਉਸ ਵੇਲੇ ਵੀ ਬੇਰੁਜ਼ਗਾਰੀ ਕਾਫੀ ਜ਼ਿਆਦਾ ਸੀ। ਲੋਕ ਉਦੋਂ ਵੀ ਨੌਕਰੀਆਂ ਲਈ ਤਰਸਦੇ ਰਹਿੰਦੇ ਸਨ।

ਮੈਂ ਉਸ ਸਕੂਲ ਵਿੱਚ ਇਕ ਸਾਲ ਪੜ੍ਹਾਇਆ। ਘਰ ਟਿਊਸ਼ਨਾਂ ਵੀ ਪੜ੍ਹਾਈਆਂ, ਪਰ ਇਹ ਕੰਮ ਪੱਕਾ ਨਾ ਹੋਣ ਕਰਕੇ ਮੈਨੂੰ ਸੰਤੁਸ਼ਟੀ ਨਾ ਹੋਈ। ਮੇਰੇ ਨਾਨਕੇ ਹੈਸੋਵਾਲ, ਲੁਧਿਆਣੇ ਸਨ। ਮਾਮੀ ਜੀ ਨੇ ਇਕ ਛੋਟਾ ਜਿਹਾ ਪ੍ਰਾਈਵੇਟ ਸਕੂਲ ਖੋਲ੍ਹਿਆ ਹੋਇਆ ਸੀ। ਉਨ੍ਹਾਂ ਨੇ ਮੇਰੀ ਮਾਤਾ ਜੀ ਨੂੰ ਸਲਾਹ ਦਿੱਤੀ ਕਿ ਸਾਡੇ ਸਕੂਲ ਦੇ ਸਾਹਮਣੇ ਇਕ ਪਲਾਟ ਹੈ, ਉਹ ਖਰੀਦ ਲਵੋ ਅਤੇ ਉਥੇ ਬਿਲਡਿੰਗ ਉਸਾਰ ਕੇ ਸਕੂਲ ਦੀ ਇਕ ਹੋਰ ਬਰਾਂਚ ਖੋਲ੍ਹ ਲਵਾਂਗੇ। ਮੇਰੇ ਮਾਤਾ ਪਿਤਾ ਨੇ ਪਲਾਟ ਲੈ ਲਿਆ। ਸਕੂਲ ਖੋਲ੍ਹਣ ਲਈ ਪੈਸੇ ਦੀ ਲੋੜ ਸੀ, ਇਸ ਲਈ ਖੰਨੇ ਵਾਲਾ ਘਰ ਵੇਚਣ 'ਤੇ ਲਾ ਦਿੱਤਾ। ਜਦੋਂ ਘਰ ਨਾ ਵਿਕਿਆ ਤਾਂ ਮੇਰੀ ਮਾਤਾ ਨੂੰ ਇੰਨੀ ਫਿਕਰ ਹੋ ਗਈ ਕਿ ਉਨ੍ਹਾਂ ਦੇ ਦਿਮਾਗ ਦੀ ਨਾੜ ਫੱਟ ਗਈ। ਉਨ੍ਹਾਂ ਨੂੰ ਲੁਧਿਆਣਾ ਦੇ ਦਯਾਨੰਦ ਹਸਪਤਾਲ ਦਾਖਲ ਕਰਵਾ ਦਿੱਤਾ ਗਿਆ, ਜਿਥੇ ਉਹ ਦੋ ਕੁ ਮਹੀਨੇ ਰਹੇ। ਚੰਗੀ ਕਿਸਮਤ ਨਾਲ ਉਹ ਬਚ ਗਏ, ਪਰ ਇਸ ਉਲਝਣ 'ਚ ਸਕੂਲ ਖੋਲ੍ਹਣ ਦਾ ਸੁਪਨਾ ਮਿੱਟੀ 'ਚ ਮਿਲ ਗਿਆ।

ਸਾਡੇ ਇਕ ਰਿਸ਼ਤੇਦਾਰ ਨੇ ਮੈਨੂੰ ਬੀ ਐਡ ਕਰਨ ਦੀ ਸਲਾਹ ਦਿੱਤੀ। ਸਾਡੇ ਸਮੇਂ ਪਹਿਲੀ ਵਾਰ ਬੀ ਐਡ ਦੀ ਦਾਖਲਾ ਪ੍ਰੀਖਿਆ ਸ਼ੁਰੂ ਹੋਈ ਸੀ। ਉਸ ਵਿੱਚ ਮੈਰਿਟ ਕਾਫੀ ਉਚੀ ਹੋਣ ਕਰਕੇ ਮੈਨੂੰ ਸਟੇਟ ਕਾਲਜ ਆਫ ਐਜੂਕੇਸ਼ਨ ਵਿਖੇ ਦਾਖਲਾ ਮਿਲ ਗਿਆ। ਬੀ ਐਡ ਕਰਨ ਤੋਂ ਬਾਅਦ ਮੈਨੂੰ ਖੰਨੇ ਸ਼ਹਿਰ ਦੇ ਉਸ ਸਕੂਲ ਵਿੱਚ ਨੌਕਰੀ ਮਿਲ ਗਈ, ਜਿਥੇ ਪਹਿਲੀ ਵਾਰ ਮੈਂ ਅਸਾਮੀ ਲਈ ਅਰਜ਼ੀ ਦੇਣ ਗਿਆ ਸੀ। ਇਸ ਸਕੂਲ ਵਿੱਚ ਮੈਂ ਤਿੰਨ ਸਾਲ ਪੜ੍ਹਾਇਆ। ਭਾਵੇਂ ਇਹ ਨੌਕਰੀ ਪ੍ਰਾਈਵੇਟ ਸੀ, ਪਰ ਡੰਗ ਟਪਾਈ ਹੋ ਰਹੀ ਸੀ। ਚੰਗੇ ਭਾਗਾਂ ਨਾਲ 1996 'ਚ ਅਧਿਆਪਕਾਂ ਦੀ ਸਰਕਾਰੀ ਨੌਕਰੀ ਦੀ ਭਰਤੀ ਵਾਲਾ ਇਸ਼ਤਿਹਾਰ ਨਿਕਲ ਆਇਆ। ਮੈਂ ਅਪਲਾਈ ਕਰ ਦਿੱਤਾ। ਇੰਟਰਵਿਊ ਦੀ ਮਿਤੀ ਆਈ, ਜਿਸ ਦਾ ਟਰੇਨਿੰਗ ਸੈਂਟਰ ਲੁਧਿਆਣਾ ਸੀ। ਉਸ ਸਮੇਂ ਵੱਖ-ਵੱਖ ਵਿਸ਼ਿਆਂ 'ਚ ਅਸਾਮੀਆਂ ਦੀ ਗਿਣਤੀ ਕਾਫੀ ਸੀ, ਕਿਉਂਕਿ ਇਸ ਤੋਂ ਪਹਿਲੇ ਦਹਾਕੇ 'ਚ ਪੰਜਾਬ ਬੁਰੇ ਦੌਰ 'ਚੋਂ ਲੰਘ ਰਿਹਾ ਸੀ। ਇਸ ਵਾਰੀ ਤਾਂ ਭਰਤੀ ਦਾ ਹੜ੍ਹ ਆ ਗਿਆ ਲੱਗਦਾ ਸੀ।

ਇੰਟਰਵਿਊ ਵਾਲੇ ਦਿਨ ਮੈਂ ਇੰਟਰਵਿਊ ਵਾਲੇ ਕੇਂਦਰ ਸਮੇਂ ਸਿਰ ਪੁੱਜ ਗਿਆ। ਕਾਫੀ ਗਹਿਮਾ ਗਹਿਮੀ ਸੀ। ਮਾਹੌਲ ਉਤਸੁਕਤਾ ਤੇ ਘਬਰਾਹਟ ਵਾਲਾ ਸੀ। ਹਰ ਚਿਹਰਾ ਗੰਭੀਰ ਵਿਖਾਈ ਦੇ ਰਿਹਾ ਸੀ। ਇੰਟਰਵਿਊ ਵਾਲੇ ਕਮਰੇ ਦੇ ਬਾਹਰ ਇਕ ਵਿਅਕਤੀ ਦੀ ਡਿਊਟੀ ਲੱਗੀ ਹੋਈ ਸੀ, ਜੋ ਹਾਕ ਮਾਰ ਕੇ ਇਕ-ਇਕ ਉਮੀਦਵਾਰ ਨੂੰ ਅੰਦਰ ਬੁਲਾ ਰਿਹਾ ਸੀ। ਜਦੋਂ ਕੋਈ ਇੰਟਰਵਿਊ ਦੇ ਕੇ ਬਾਹਰ ਆਉਂਦਾ ਤਾਂ ਉਸ ਨੂੰ ਇਉਂ ਮਿਲਿਆ ਜਾਂਦਾ ਜਿਵੇਂ ਚਿਰੋਕਣਾ ਵਿਛੜਿਆ ਹੋਵੇ। ਉਸ ਨੂੰ ਘੇਰ ਕੇ ਜਾਣਕਾਰੀ ਲਈ ਜਾਂਦੀ ਕਿ ਕਿਹੋ ਜਿਹੇ ਪ੍ਰਸ਼ਨ ਪੁੱਛੇ ਜਾ ਰਹੇ ਨੇ। ਕਈ ਤਾਂ ਕਿਤਾਬਾਂ ਅਤੇ ਗਾਈਡਾਂ ਖੋਲ੍ਹ ਕੇ ਪ੍ਰਸ਼ਨਾਂ ਦੇ ਉਤਰ ਰੱਟ ਰਹੇ ਸਨ। ਕਈ ਪਾਣੀ ਪੀ-ਪੀ ਕੇ ਗਿਲਾਸ ਖਾਲੀ ਕਰੀ ਜਾ ਰਹੇ ਸਨ।

ਕਈ ਇੰਟਰਵਿਊ ਦੇ ਕੇ ਖੁਸ਼ੀ-ਖੁਸ਼ੀ ਬਾਹਰ ਆ ਰਹੇ ਸਨ ਅਤੇ ਕਈਆਂ ਦੇ ਚਿਹਰੇ 'ਤੇ ਉਦਾਸੀ ਛਾਈ ਹੋਈ ਸੀ। ਮੇਰੇ ਹੱਥ ਵਿੱਚ ਨਾ ਕਿਤਾਬ ਸੀ ਅਤੇ ਨਾ ਪਾਣੀ ਦਾ ਗਿਲਾਸ। ਮੈਂ ਹੋਰ ਸੋਚਾਂ ਵਿੱਚ ਗੁਆਚਿਆ ਹੋਇਆ ਸੀ। ਮੈਨੂੰ ਆਪਣੇ ਪਿਤਾ ਜੀ ਦੀ ਕਹੀ ਗੱਲ ਯਾਦ ਆ ਰਹੀ ਸੀ, 'ਬੇਟਾ ਨਾ ਸਾਡੇ ਕੋਲ ਜ਼ਮੀਨ ਹੈ ਤੇ ਨਾ ਕਾਰੋਬਾਰ। ਬਸ ਜੋ ਤੈਨੂੰ ਪੜ੍ਹਾ ਦਿੱਤਾ, ਉਹੀ ਸਾਡੀ ਜਾਇਦਾਦ ਹੈ।' ਇਨ੍ਹਾਂ ਸ਼ਬਦਾਂ ਵਿੱਚ ਮੈਂ ਉਲਝ ਜਿਹਾ ਗਿਆ।

ਏਨੇ 'ਚ ਮੇਰੇ ਨਾਂ ਦੀ ਹਾਕ ਪਈ। ਮੈਂ ਆਪਣੀ ਕੱਛ ਵਿੱਚ ਦਿੱਤੀ ਫਾਈਲ ਕੱਢ ਕੇ ਆਪਣੇ ਹੱਥ 'ਚ ਫੜ ਲਈ ਅਤੇ ਬੜੇ ਸਲੀਕੇ ਨਾਲ ਇਜਾਜ਼ਤ ਲੈ ਕੇ ਅੰਦਰ ਦਾਖਲ ਹੋਇਆ। ਇੰਟਰਵਿਊ ਲੈਣ ਵਾਲੇ ਪੈਨਲ 'ਚ ਚਾਰ ਮੈਡਮਾਂ ਤੇ ਦੋ ਸਰ ਸਨ। ਉਨ੍ਹਾਂ ਨੇ ਮੇਰੇ ਵੱਲ ਵੇਖਿਆ ਤੇ ਖਾਲੀ ਕਰੁਸੀ 'ਤੇ ਬੈਠਣ ਦਾ ਇਸ਼ਾਰਾ ਕੀਤਾ। ਉਨ੍ਹਾਂ ਨੇ ਇਕ ਤੋਂ ਬਾਅਦ ਇਕ-ਇਕ ਕਰ ਕੇ ਮੈਨੂੰ ਪੰਜ ਪ੍ਰਸ਼ਨ ਪੁੱਛੇ। ਚੰਗੀ ਕਿਸਮਤ ਨਾਲ ਸਾਰੇ ਸਵਾਲਾਂ ਦੇ ਉਤਰ ਆਉਂਦੇ ਸਨ। ਇੰਟਰਵਿਊ ਲੈਣ ਵਾਲਿਆਂ ਵਿੱਚੋਂ ਇਕ ਮੈਡਮ ਨੇ ਮੈਨੂੰ ਪੁੱਛਿਆ ਕਿ ਤੂੰ ਵਿਆਹਿਆ ਹੋਇਆ ਹੈ? ਮੈਂ 'ਹਾਂ' ਵਿੱਚ ਉਤਰ ਦਿੱਤਾ। ਇਕ ਮੈਡਮ ਆਖਣ ਲੱਗੀ ਕਿ ਤੈਨੂੰ ਤਾਂ ਵਕੀਲ ਜਾਂ ਅਫਸਰ ਬਣਨਾ ਚਾਹੀਦਾ ਸੀ। ਮੈਂ ਬੜੀ ਹਲੀਮੀ ਨਾਲ ਕਿਹਾ ਕਿ ਜੇ ਮਾਸਟਰ ਦੀ ਨੌਕਰੀ ਮਿਲ ਜਾਵੇ, ਉਹ ਮੇਰੇ ਲਈ ਕਾਫੀ ਹੈ। ਜਵਾਬ ਸੁਣ ਕੇ ਉਹ ਮੈਡਮ ਖੁਸ਼ ਹੋ ਗਈ ਤੇ ਕਿਹਾ, 'ਬੇਟਾ ਸ਼ਾਬਾਸ਼! ਨਿਸ਼ਚਿੰਤ ਹੋ ਜਾਵੋ।' ਇਹ ਸ਼ਾਬਾਸ਼ੀ ਮੇਰੇ ਲਈ ਇਕ ਸ਼ੁਭ ਸੰਕੇਤ ਸੀ।

ਮੈਂ ਖਿੜੇ ਚਿਹਰੇ ਨਾਲ ਬਾਹਰ ਆ ਗਿਆ। ਇਕ ਮਹੀਨੇ ਬਾਅਦ ਵੱਖ-ਵੱਖ ਅਖਬਾਰਾਂ 'ਚ ਨਤੀਜਾ ਆ ਗਿਆ। ਚੁਣੇ ਗਏ ਸੁਭਾਗੇ ਉਮੀਦਵਾਰਾਂ 'ਚ ਆਪਣਾ ਨਾਂ ਪੜ੍ਹ ਕੇ ਮੇਰੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਮੇਰੀ ਨਿਯੁਕਤੀ ਬਤੌਰ ਸੋਸ਼ਲ ਸਟੱਡੀ ਮਾਸਟਰ ਮੋਗਾ ਜ਼ਿਲੇ ਦੇ ਪਿੰਡ ਸਰਕਾਰੀ ਹਾਈ ਸਕੂਲ ਚੰਦ ਨਵਾਂ ਵਿਖੇ ਹੋਈ, ਜੋ ਮੇਰੇ ਘਰ ਤੋਂ ਬਹੁਤ ਦੂਰ ਸੀ। ਮੈਨੂੰ ਸਰਕਾਰੀ ਨੌਕਰੀ ਪਾ ਕੇ ਵਿਆਹ ਜਿੰਨਾ ਚਾਅ ਸੀ। ਦਸ ਸਾਲ ਬਾਅਦ ਮੇਰੀ ਤਰੱਕੀ ਬਤੌਰ ਅੰਗਰੇਜ਼ੀ ਲੈਕਚਰਾਰ ਹੋ ਗਿਆ। ਆਪਣੇ ਅਧਿਆਪਕ ਕਿੱਤੇ ਤੋਂ ਮੈਂ ਸੰਤੁਸ਼ਟ ਹਾਂ ਅਤੇ ਉਮੀਦ ਕਰਦਾ ਹਾਂ ਕਿ ਸੇਵਾ ਮੁਕਤੀ ਤੱਕ ਮੈਂ ਇਸ ਪ੍ਰਤੀ ਇਮਾਨਦਾਰ ਰਹਿ ਕੇ ਡਿਊਟੀ ਨਿਭਾਉਂਦਾ ਰਹਾਂਗਾ।

# Dr. Randhawa Dentistry



*Your own dentist who really cares for you*

**We Provide the following Services:**

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044




# ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?



Anabela Serra
Sales Representative

ਸੰਪਰਕ ਕਰੋ:
416-400-5825

ROYAL LEPAGE
SUPREME REALTY, BROKERAGE
INDEPENDENTLY OWNED AND OPERATED

*You're Invited To..*

**OPEN HOUSE**

Saturday/Sunday 2pm to 4pm

"ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ"

1 Lagos Road / Etobicoke, Ontario



This Astounding Fully Renovated 3 Bedroom Home Features Top Quality Materials With Tasteful Finishes, Great Workmanship And Attention To Detail. Gleaming Hardwood Flooring Throughout, And 3 Sparkling New Bathrooms. Brand New Stainless Steel Appliances In Chefs Delight Kitchen. Separate Entrance To Basement, Possibility Of A Bachelor Apartment. Steps Away From Elementary School, Parks, Kipling Plaza And Public Library.

For More listings Visit anabelaserra.com

# NEED A LAWYER ??

Red Seal NOTARY

# KAUR LAW OFFICE



MANJEET KAUR
LL.B., (London UK)
Barrister, Solicitor & Notary Public

**REAL ESTATE LAWYER**

- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**

Skilled Worker Category
Spousal & Family Sponsorship

- Student Permits Visa & Renewals
- PR Renewal/ Citizenship Application

**FAMILY LAWYER**

- Child & Spousal support
- Custody & Access
- Divorce
- Equalization

**BUSINESS LAW**

- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**

- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

FRANCHISES REQUIRED for Greece, Italy, Austria, Germany, Spain

# PERMANENT IMMIGRATION

Canada within 6-12 Months

*We have confirmed job offers from Canadian Employers for:*

- Cooks
- Truck Drivers
- Auto/Diesel Mechanics
- Dairy Farm Workers
- Welders
- IT Technician
- Nurses
- Machinist
- Carpenters
- Brick Layer
- Food & Beverage Supervisors
- Meat Cutters
- Air Condition Technicians
- Fish Plant Workers
- Construction Workers
- & lots of other Positions

Invest $200,000 (CAD) & Immigrate with family under Business Immigration



**Subhash Punia**
Immigration Counsel

Fast Track Immigration Under
INVESTORS CLASS IMMIGRATION

Atlantic Immigration

By Appointment
MON-FRI
9:30AM - 5:30PM

2980 Drew rd. #230, Mississauga, ON L4T 0A7 | 905.362.0202 | 905.362.2158

# ASIAN FOOD CENTRE



## FRESH & LARGE VARIETY

| | | |
|---|---|---|
| Bread , Derry & Eggs | Fruits & Vegetables | Sweet & Samosas |
| Branded Foods | Beverages & Confectionery | Grocery & Staples |

*VEGETARIAN FOOD*
*HEALTHY EATING*



## SERVING FROM 10 LOCATIONS IN ALL THE GTA AREA:

10 Westmore Drive
Etobicoke ON M9V-3Z7
416-740-3262

2120 North park Drive
Brampton ON L6S 0C9
905-793-1338

10510 Torbram Road,
Brampton
905-790-0030

308 Eddystone Ave
North York ON M3N-1H7
416-740-3360

621 Wanless drive, # 122
Brampton ON L7A 0A9
905-495-3336

284 Orenda Road #13
Brampton ON L6T 5S3
905-450-9167

10 Pannahill Dr,
Brampton
905 913-8017

80 Pertosa Drive
Brampton ON L5X-5E9
905-460-0009

1075 Ceremonial Drive
Mississauga ON L5R 2Z4
905-502-1600

21 Lacoste Blvd,
Brampton, ON L6P 2K2
905 794-8109


www.BramptonTopRelator.com
JAG AUJLA REAL ESTATE BROKER
DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232

Advertisement GUARANTEED Till SOLD
Other Realtors only Promise
But JAG AUJLA SOLD YOUR HOME WITH
GUARANTEE
OR HE'LL BUY IT!*

Top 1% Ranked in Broker
Call For a Quick & Free Home Evaluation
www.BramptonQuickHomeEvaluation.com

Urgently Need New Listing in Brampton/ GTA Call Jag Today To Sell Your Property For Top $$$ & Accurate Price

CALEDON

ਸੇਂਟ ਐਂਡਰੀਊ/Hwy 9/ਬੀਚਗਰੂਵ
2.58 ਏਕੜ ਤੇ ਬਣਿਆ ਬਹੁਤ ਹੀ ਸੋਹਣਾ 4 +2 ਬੈਡਰੂਮ ਅਤੇ 4 ਵਾਸ਼ਰੂਮ ਦਾ ਘਰ, 3 ਕਾਰ ਗਰਾਜ ਤੇ 11 ਕਾਰ ਪਾਰਕਿੰਗ, ਬਹੁਤ ਸਾਰੀਆਂ ਅਪਗ੍ਰੇਡਜ਼, ਬਹੁਤ ਹੀ ਸੋਹਣੀ ਲੈਂਡਸਕੇਪਿੰਗ ਦੇ ਨਾਲ "L" ਅਕਾਰ ਦੀ ਗਰਾਊਂਡ ਹੀਟੇਡ ਪੂਲ ਹੇ। ਫਿਨੀਸ਼ਡ ਬੇਸਮੈਂਟ। ਅਪਗ੍ਰੇਡਡ ਕਿਚਨ,ਗਰੇਨਾਈਟ ਕਾਊਨਟਰ ਟਾਪ ਆਦਿ

BRAMPTON

ਏਅਰਪੋਰਟ/ਕੰਟਰੀ ਸਾਈਡ/ਗੋਰਵੇ
ਕੈਸਲਮੋਰ ਦੇ ਏਰੀਏ ਵਿੱਚ 4+2 ਬੈਡਰੂਮ,ਡੈਨ +4 ਵਾਸ਼ਰੂਮ ਦਾ ਡੀਟੈਚਡ ਘਰ। ਮੇਨ ਫਲੋਰ 9 ਫੀਟ ਸਿਲਿੰਗ। ਸਾਰੇ ਘਰ ਵਿੱਚ ਹਾਰਡਵੂਡ ਫਲੋਰ, ਫਿਨੀਸ਼ਡ ਬੇਸਮੈਂਟ ਲਈ ਸੈਪਰੇਟ ਏਨਟਰੈਂਸ,ਲੈਮੀਨੇਟ ਅਤੇ ਸਟੈਂਡ ਓਕ ਸਟੇਅਰਕੇਸ, ਬਹੁਤ ਹੀ ਸੋਹਣੀ ਈਟ ਈਨ ਕਿਚਨ ਅਤੇ ਸਟੇਨਲੈਸ ਸਟੀਲ ਅਪਲਾਈਨਸੈਸ।

WOODBRIDGE

ਟੇਸਟਨ ਰੋਡ/ ਹਾਈਵੇ 400/ਵੇਸਟਨ
ਬਹੁਤ ਹੀ ਸੋਹਣਾ 4 ਬੈਡਰੂਮ +4 ਵਾਸ਼ਰੂਮ ਦਾ ਡੀਟੈਚਡ ਘਰ, ਮੇਨ ਫਲੋਰ 9 ਫੀਟ ਸਿਲਿੰਗ,, ਡਬਲ ਡੋਰ ਏਨਟਰੀ, ਦੂਜੇ ਫਲੋਰ ਤੇ ਨਵੀਂ ਲੈਮੀਨੇਟ ਫਲੋਰ ਅਤੇ ਮੇਨ ਫਲੋਰ ਤੇ ਹਾਰਡਵੂਡ। ਓਕ ਸਟੇਅਰਕੇਸ। ਸੋਹਣੀ ਈਟ ਈਨ ਕਿਚਨ ਅਤੇ ਸਟੇਨਲੈਸ ਸਟੀਲ ਅਪਲਾਈਨਸੈਸ, ਮਾਸਟਰ ਬੈਡਰੂਮ 5 ਪੀਸ ਈਨਸੂਟ।

BRAMPTON

FOR RENT
ਡਿਕਸੀ/ਫਾਦਰ ਟੋਬੀਨ/ਟੈਂਪਲਹਿੱਲ
ਸੇਮੀ ਡੀਟੈਚਡ ਸਾਰਾ ਘਰ 1 ਦਸੰਬਰ ਤੋਂ ਰੈਂਟ ਲਈ ਉਪਲੱਬਧ ਹੈ ਜਿਸ ਵਿੱਚ 3 ਬੈਡਰੂਮ ਅਤੇ 3 ਵਾਸ਼ਰੂਮ ਹਨ। ਬੇਸਮੈਂਟ ਲਈ ਸਾਈਡ ਐਨਟਰੈਂਸ। ਬੈਡਰੂਮ ਵਿੱਚ ਲੈਮੀਨੇਟ ਫਲੋਰ ਹੈ। ਮਾਸਟਰ ਬੈਡਰੂਮ 4 ਪੀਸ ਈਨਸੂਟ। ਸਮੋਕਿੰਗ ਅਤੇ ਪੈਟ ਰੱਖਣ ਦੀ ਮਨਾਹੀ ਹੈ। ਸਾਰੇ ਘਰ ਵਿੱਚ ਨਵਾਂ ਪੈਂਟ ਕੀਤਾ ਹੈ।

BRAMPTON

ਵੇਨਲੈਸ / ਵੇਨ-ਕ੍ਰਿਕ
SOLD AT 98% OF ASKING PRICE

NEED MORE LISTINGS !!!
ਕੇਲਡਨ ਅਤੇ ਬਰੈਂਪਟਨ ਦੇ ਏਰੀਏ ਵਿੱਚ ਨਵੀਆਂ Listings ਦੀ ਤੁਰੰਤ ਲੋੜ ਹੈ। Buyers ਘਰ ਖਰੀਦਣ ਲਈ Listings ਉਡੀਕ ਰਹੇ ਹਨ

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

NU WAY TOUR & TRAVELS INC.
ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ
AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA · PIA · ETIHAD · KLM · Emirates · SWISS · BRITISH AIRWAYS · JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption
Manulife

Signature.ca · WESTJET vacations · transat · sunwing · AIR CANADA VACATIONS · tico.ca · IATA
Call Us For Guaranteed Lowest Airfare ANY Airline Time Destination Around the World
7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

Auto | Home | Commercial & Business Insurance
10 ਸਾਲਾਂ ਤੋਂ ਵੱਧ ਦਾ ਤਜ਼ਰਬਾ
Arvinder Aujla
Account executive
416-566-4232
Competitive & Best Rates
Deals with more than 15 Insurance Companies
aujla@connexinsurance.com
Get Combo Package for Auto & Home Plus get a 15%-20% discount
7050 Bramalea Rd, Unit 12, Mississauga, ON L5S 1T1 CONNEX

New City Pizza & Kamal Sandhu Real Estate Present

BHANGRA ਭੰਗੜਾ FITNESS
ENJOY DANCING, STAY FIT
647.685.1685
www.BhangraFitness.ca | bhangrafitness1@gmail.com
Offering Bhangra Classes For All Ages
Now Open 6 Days a Week
50 Lacoste Blvd, Unit-112 Brampton, ON L6P 3Z8

REXDALE BODY SHOP
USED CAR SALE
Specialization In:
- All Kinds of Body Work
- Auto Glass Windshield
- Denting, Painting & Welding
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca mcheemaaaa@hotmail.com

IFS INTERSTATE FREIGHT SYSTEMS INC.
A/Z ਡਰਾਈਵਰਾਂ ਦੀ ਲੋੜ
USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ
Also Hiring Owner Operators for local work & US
- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystems.com
Call: 416-452-0677